
ਦੁੱਲਾ ਭੱਟੀ, ਜਿਊਣਾ ਮੌੜ,
ਸੁੱਚਾ ਸੂਰਮਾ, ਹੀਰ-ਰਾਂਝਾ,
ਮਿਰਜ਼ਾ ਸਾਹਿਬਾਂ ਅਤੇ
ਸੋਹਣੀ ਮਹੀਂਵਾਲ ਦੇ
ਕਿੱਸਿਆਂ ਦੀ ਸੱਚਾਈ



ਪੰਜਾਬ ਦੇ ਲੋਕ ਨਾਇਕ

ਬਲਰਾਜ ਸਿੰਘ ਸਿੱਧੂ ਪੰਡੋਰੀ ਸਿੱਧਵਾਂ

ਪੰਜਾਬ ਦੇ ਲੋਕ ਨਾਇਕ

(ਦੁੱਲਾ ਭੱਟੀ, ਜਿਊਣਾ ਮੌੜ, ਸੁੱਚਾ ਸੂਰਮਾ, ਹੀਰ-ਰਾਂਝਾ,
ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਵਾਲ ਦੇ ਕਿੱਸਿਆਂ ਦੀ ਸੱਚਾਈ)

ਬਲਰਾਜ ਸਿੰਘ ਸਿੱਧੂ
ਪੰਡੋਰੀ ਸਿੱਧਵਾਂ

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।

ਪੰਜਾਬ ਦੇ ਲੋਕ ਨਾਇਕ

(ਦੁੱਲਾ ਭੱਟੀ, ਜਿਊਣਾ ਮੌੜ, ਸੁੱਚਾ ਸੂਰਮਾ, ਹੀਰ-ਰਾਂਝਾ,
ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਵਾਲ ਦੇ ਕਿੱਸਿਆਂ ਦੀ ਸੱਚਾਈ)

ਬਲਰਾਜ ਸਿੰਘ ਸਿੱਧੂ, ਐਸ.ਪੀ.

ਪੰਡੋਰੀ ਸਿੱਧਵਾਂ

ਮੋ. 9815124449

ਪਹਿਲੀ ਵਾਰ : 2018

ਪ੍ਰਕਾਸ਼ਕ : **ਤਰਕਭਾਰਤੀ ਪ੍ਰਕਾਸ਼ਨ**
ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ,
ਸਾਹਮਣੇ ਗਲੀ ਨੰਬਰ 8, ਬਰਨਾਲਾ-148101
ਫੋਨ : 01679-241744, 233244 ਫੈਕਸ : 241744
Email: tarkbharti01@gmail.com

ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।

ਕੀਮਤ : 80/-

ਮੇਰੇ ਮਿੱਤਰ

ਸੁਖਮੰਦਰ ਸਿੰਘ ਬਰਾੜ ਭਗਤਾ ਭਾਈ ਕਾ

ਦੇ

ਨਾਂ

ਤਤਕਰਾ

ਭੂਮਿਕਾ

ਸੰਵੇਦਨਾ ਤੇ ਚੇਤਨਾ ਦਾ ਸੁਮੇਲੀ ਰਿਸ਼ਤਾ

ਸਾਹਿਤ ਦੇ ਖੇਤਰ ਵਿਚ ਇਕ ਜਨ ਪ੍ਰਸਿੱਧ ਧਾਰਨਾ ਬਣੀ ਹੋਈ ਹੈ ਕਿ ਕਵਿਤਾ 'ਭਾਵਾਂ' ਦੀ ਉਪਜ ਹੁੰਦੀ ਹੈ ਅਤੇ ਵਾਰਤਕ 'ਬੁੱਧੀ' ਦੀ ਉਪਜ ਹੁੰਦੀ ਹੈ। ਇਸ ਲਿਹਾਜ਼ ਨਾਲ ਵਲਵਲਿਆਂ ਤੇ ਸੰਵੇਦਨਾ ਲਈ 'ਕਾਵਿ' ਅਤੇ ਤਰਕ ਤੇ ਚੇਤਨਾ ਲਈ 'ਵਾਰਤਕ' ਢੁਕਵੀਆਂ ਵਿਧਾਵਾਂ ਮੰਨੀਆਂ ਗਈਆਂ ਹਨ। ਸ਼ਾਇਰ ਭਾਈ ਵੀਰ ਸਿੰਘ ਦੇ ਨਿਮਨਲਿਖਤ ਬੋਲ ਵੀ ਇਸ ਪਰੰਪਰਕ ਧਾਰਨਾ ਦੀ ਪੁਸ਼ਟੀ ਕਰਨ ਲਈ ਢੁਕਵੇਂ ਜਾਪਦੇ ਹਨ :

ਬੈਠ ਵੇ ਗਿਆਨੀ ਬੁਧੀ ਮੰਡਲੇ ਦੀ ਕੈਦ ਵਿਚ
ਵਲਵਲੇ ਦੇ ਦੇਸ਼ ਸਾਡੀਆਂ ਲਗ ਗਈਆਂ ਯਾਰੀਆਂ

0

ਹੋਸ਼ਾਂ ਨਾਲੋਂ ਮਸਤੀ ਚੰਗੀ
ਜਿਹੜੀ ਰੱਖਦੀ ਸਦਾ ਟਿਕਾਣੇ।

ਅਸਲ ਵਿਚ ਸ਼ਾਇਰ ਦੇ ਇਹ ਬੋਲ ਕਿਸੇ ਡੂੰਘੀ ਦਾਰਸ਼ਨਿਕ ਵਿਆਖਿਆ ਵਿਚੋਂ ਨਿਕਲੇ ਹਨ ਪਰੰਤੂ ਜੇ ਇਸ ਦੇ 'ਅਭਿਧਾ' ਅਰਥ ਲੈ ਲਈਏ ਤਾਂ ਫੇਰ ਭਾਈ ਸਾਹਿਬ ਦੀ ਇਸ ਸਤਰ ਦਾ ਕੀ ਕਰਾਂਗੇ :

ਦੁਨੀਆਂ ਦਾ ਦੁੱਖ ਦੇਖ ਦੇਖ
ਦਿਲ ਦਬਦਾ ਦਬਦਾ ਜਾਂਦਾ

ਇਸ ਕਾਵਿ ਟੁਕੜੀ ਦੀ ਤਾਂ ਤਸ਼ਰੀਹ ਦੀ ਵੀ ਲੋੜ ਨਹੀਂ। ਜੇ ਕਵਿਤਾ ਕੇਵਲ 'ਵਲਵਲੇ' ਜਾਂ 'ਮਸਤੀ' ਹੋਵੇ ਤਾਂ 'ਦੁੱਖਾਂ' ਦੀ ਬਾਤ ਕਿਵੇਂ ਕਵਿਤਾ ਵਿਚ ਆ ਸਕਦੀ ਹੈ? ਇਸ ਲਈ 'ਅਭਿਧਾ' ਤੋਂ ਅੱਗੇ ਤੁਰ ਤੇ ਜਦੋਂ 'ਲਕਸ਼ਣਾ' ਰਾਹੀਂ 'ਵਿਅੰਜਨਾ' ਤਕ ਪੁੱਜੀਏ ਤਾਂ ਸਪਸ਼ਟ ਹੋਵੇਗਾ ਕਿ 'ਭਾਵਾਂ' ਤੇ 'ਬੁੱਧੀ' ਭਾਵ 'ਸੰਵੇਦਨਾ ਤੇ ਚੇਤਨਾ' ਕਿਸੇ ਇਕ ਵਿਧਾ ਦੇ ਮੁਥਾਜ ਨਹੀਂ। ਇਨ੍ਹਾਂ ਦਾ ਸੁਮੇਲੀ ਰਿਸ਼ਤਾ ਹਰ ਵਿਧਾ ਅਤੇ ਹਰ ਰੂਪ ਵਿਚ ਹੋਂਦਸ਼ੀਲ ਹੈ। ਇਸੇ ਲਈ ਪ੍ਰੋ. ਪੂਰਨ ਸਿਘ ਨੇ 'ਨਸਰ ਵਿਚ ਨਜ਼ਮ' ਅਤੇ 'ਨਜ਼ਮ ਵਿਚ ਨਸਰ' ਦੀ ਰਿਸ਼ਤਗੀ ਸਵੀਕਾਰੀ ਹੈ।

ਵੀਹਵੀਂ ਸਦੀ ਦੇ ਪਹੁਫੁਟਾਲੇ ਸਮੇਂ ਪੰਜਾਬ ਦੇ ਉਪਰੋਕਤ ਦੋਵੇਂ

ਦਾਰਸ਼ਨਿਕ ਕਵੀਆਂ ਅਤੇ ਵਾਰਤਕਕਾਰਾਂ ਦੇ ਵਿਚਾਰਾਂ ਦੀ ਰੋਸ਼ਨੀ ਵਿਚ ਇਸ ਪੁਸਤਕ ਦੇ ਕਰਤਾ ਅਤੇ ਆਪਣੇ ਅਜ਼ੀਜ਼ ਦੋਸਤ ਬਲਰਾਜ ਸਿੰਘ ਸਿੱਧੂ ਦੀ ਪ੍ਰਸਤੁਤ ਪੁਸਤਕ 'ਪੰਜਾਬ ਦੇ ਲੋਕ ਨਾਇਕ' ਅਰਥ ਗ੍ਰਹਿਣ ਕਰਦੀ ਜਾਪਦੀ ਹੈ। ਬਲਰਾਜ ਨੇ ਪੰਜਾਬ ਉਨ੍ਹਾਂ ਸੱਤ ਨਾਇਕਾਂ (ਸੱਤਾਂ ਵਿਚ ਚਾਰ ਕ੍ਰਮਵਾਰ ਦੁੱਲਾ ਭੱਟੀ, ਜੱਗਾ ਡਾਕੂ, ਸੁੱਚਾ ਸੂਰਮਾ, ਜਿਊਣਾ ਮੌੜ 'ਨਾਇਕਾਂ' ਅਤੇ ਤਿੰਨ 'ਨਾਇਕ ਜੋੜੀਆਂ' ਕ੍ਰਮਵਾਰ ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੋਹਣੀ ਮਹੀਵਾਲ) ਦੀ ਬਾਤ ਪਾਈ ਹੈ ਜੋ ਲੋਕਮਨ ਦਾ ਹਿੱਸਾ ਬਣ ਚੁੱਕੇ ਹਨ। ਆਮ ਪਾਠਕ ਨੂੰ ਇਨ੍ਹਾਂ ਦਾ ਗਿਣਤੀ ਵਿਚ 'ਸੱਤ' ਹੋਣਾ ਸੁਭਾਵਿਕ ਲਗ ਸਕਦਾ ਹੈ ਪਰੰਤੂ ਮੈਨੂੰ ਜਾਪਦਾ ਹੈ ਕਿ ਇਕ ਸੁਹਿਰਦ, ਸੂਝਵਾਨ ਤੇ ਸੰਵੇਦਨਸ਼ੀਲ ਪੰਜਾਬੀ ਹੋਣ ਕਾਰਨ ਬਲਰਾਜ ਦੇ ਅਵਚੇਤਨ ਵਿਚ ਭਾਰਤੀ ਪਰੰਪਰਾ ਦਾ ਸੱਤ ਅੰਕ ਵੱਸਿਆ ਹੋਇਆ ਹੈ ਜੋ 'ਸਪਤਰਿਸ਼ੀ' ਦੇ ਦਾਰਸ਼ਨਿਕ ਵਰਤਾਰੇ, 'ਸਤਰੰਗੀ ਪੀਂਘ' ਦੇ ਪ੍ਰਕਿਰਤਕ ਵਰਤਾਰੇ ਅਤੇ ਭਾਰਤ ਦੀ ਸਭਿਅਤਾ ਦੇ ਮੁਢ ਵਜੋਂ ਪੰਜਾਬ ਦੇ ਪੁਰਾਣੇ ਨਾਂ 'ਸਪਤ ਸਿੰਧੂ' ਦੇ ਇਤਿਹਾਸਕ ਵਰਤਾਰੇ ਅਧੀਨ ਪ੍ਰਕਾਰਜੀ ਭੂਮਿਕਾ ਨਿਭਾਉਂਦਾ ਹੈ। ਬਲਰਾਜ ਦੇ ਇਹ ਸੱਤ ਨਾਇਕ ਆਪਣੇ ਨਾਇਕਤਵ ਕਾਰਨ ਅਵਾਮ ਵਿਚ ਰਚੇ ਬਸੇ ਹਨ। ਬਲਰਾਜ ਨੇ ਆਪਣੇ ਕਵੀ ਦਿਲ ਨਾਲ ਇਨ੍ਹਾਂ 'ਨਾਇਕਾ' ਦੀ ਅਵਾਮੀ ਮਕਬੂਲੀਅਤ ਨੂੰ ਰੀਝ ਨਾਲ ਚਿਤਰਿਆ ਹੈ। ਦੁੱਲਾ ਭੱਟੀ ਦੇ ਸਖੀ ਸਰਵਰ ਹੋਣ ਤੋਂ ਇਹ ਸਿਲਸਿਲਾ ਆਰੰਭ ਹੁੰਦਾ ਹੈ ਜਿਸ ਨੂੰ ਉਸ ਦਾ ਕੱਟੜ ਦੁਸ਼ਮਣ ਅਕਬਰ ਵੀ ਮੰਨਦਾ ਹੈ:

ਲੱਧੀ ਦੁੱਲੇ ਦੀ ਮੌਤ ਤੋਂ ਕਈ ਸਾਲ ਬਾਅਦ ਤੱਕ ਜਿਊਂਦੀ ਰਹੀ। ਦੁੱਲਾ ਵਿਆਹਿਆ ਹੋਇਆ ਨਹੀਂ ਸੀ, ਇਸ ਲਈ ਉਸ ਦਾ ਵੰਸ਼ ਅੱਗੇ ਨਹੀਂ ਚੱਲ ਸਕਿਆ। ਕਹਿੰਦੇ ਹਨ ਜਦੋਂ ਦੁੱਲੇ ਦੀ ਮੌਤ ਦੀ ਖਬਰ ਅਕਬਰ ਨੂੰ ਸੁਣਾਈ ਗਈ ਤਾਂ ਉਸ ਨੇ ਕੋਈ ਖਾਸ ਖੁਸ਼ੀ ਜ਼ਾਹਰ ਨਾ ਕੀਤੀ। ਉਹ ਚੁੱਪ ਚਾਪ ਖਬਰ ਲਿਆਉਣ ਵਾਲੇ ਏਲਚੀ ਵੱਲ ਵੇਖਦਾ ਰਿਹਾ। ਲੱਗਦਾ ਹੈ ਕਿ ਦੁੱਲੇ ਦੀ ਦਲੇਰੀ ਅਤੇ ਸਖਾਵਤ ਦੀ ਕਹਾਣੀਆਂ ਸੁਣੀਆਂ ਹੋਣ ਕਾਰਨ ਅਕਬਰ ਆਪਣੇ ਇਸ ਦੁਸ਼ਮਣ ਦੀ ਵੀ ਦਿਲੋਂ ਇੱਜ਼ਤ ਕਰਦਾ ਸੀ। ਦੁੱਲੇ ਦੇ ਮਰਨ ਤੋਂ ਬਾਅਦ ਅਕਬਰ ਨੇ ਭੱਟੀਆਂ ਦੇ ਖਿਲਾਫ ਹੋਰ ਕੋਈ ਕਾਰਵਾਈ ਨਹੀਂ ਕੀਤੀ।

ਜਦਕਿ ਇਹ ਉਹੀ ਦੁੱਲਾ ਹੈ ਜਿਸ ਦਾ ਮਕਸਦ ਅੱਜ ਵੀ ਹਰ ਪੰਜਾਬੀ ਦੇ ਜ਼ਬਾਨ ਤੇ ਚੜ੍ਹਿਆ ਹੋਇਆ ਹੈ :

ਮੈਂ ਢਾਹਾਂ ਦਿੱਲੀ ਦੇ ਕਿੰਗਰੇ, ਨਾਲੇ ਕਰਾਂ ਲਾਹੌਰ ਤਬਾਹ ਨੀ,
ਸਣੇ ਅਕਬਰ ਬੰਨ੍ਹਾਂ ਬੇਗਮਾਂ, ਪਾਵਾਂ ਪਿੰਡੀ ਵਾਲੇ ਰਾਹ ਨੀ।

ਮੁੜ ਜੱਗਾ ਡਾਕੂ, ਜੀਊਣਾ ਮੌੜ ਤੇ ਸੁੱਚਾ ਸੂਰਮਾ ਦੀ ਤਿਕੜੀ ਦੁੱਲੇ ਦੇ 'ਬੂਟਾਂ ਵਿਚ ਪੈਰ' ਪਾਉਣ ਵਾਲੇ ਮੁਹਾਵਰੇ ਨਾਲ ਪ੍ਰਵਾਨ ਚੜ੍ਹਦੀ ਹੈ। ਜਿਹੜੇ ਨਾਬਰੀ ਦਾ ਪ੍ਰਤੀਮਾਨ ਬਣ ਕੇ ਰੋਹ, ਵਿਦਰੋਹ ਤੇ ਪ੍ਰਤੀਰੋਧ ਦੀ ਸੁਰ ਅਲਾਪਦੇ ਹਨ ਅਤੇ ਪੰਜਾਬੀ ਜਨ ਤੇ ਪੰਜਾਬੀ ਮਨ ਵਿਚ ਘਰ ਕਰ ਲੈਂਦੇ ਹਨ। ਇਨ੍ਹਾਂ ਦੀ ਬਾਤ ਪਾਉਂਦਾ ਹੋਇਆ ਵੀ ਬਲਰਾਜ ਸੰਵੇਦਨਾ ਦਾ ਵਾਹਕ ਬਣਦਾ ਹੈ ਜਦੋਂ ਇਨ੍ਹਾਂ ਤਿੰਨਾਂ ਦੀ ਕਹਾਣੀ ਦਾ 'ਮਹਾਤਮ' ਸੰਸਕ੍ਰਿਤ ਨਾਟਕ ਦੇ 'ਭਰਤ ਵਾਕ' ਵਾਂਗ ਬਿਆਨ ਕਰਦਾ ਹੈ :

ਜੱਗੇ ਦੀ ਮੌਤ 1930-31 ਵਿੱਚ ਫੱਗਣ (ਫਰਵਰੀ-ਮਾਰਚ) ਦੇ ਮਹੀਨੇ ਹੋਈ ਸੀ ਤੇ ਪੋਸਟ ਮਾਰਟਮ ਸਰਕਾਰੀ ਹਸਪਤਾਲ ਕਸੂਰ ਵਿਖੇ ਹੋਇਆ ਸੀ। ਉਸ ਦੀ ਲਾਸ਼ ਲੈਣ ਲਈ ਰੇਸ਼ਮ ਕੌਰ, ਇੰਦਰ ਕੌਰ ਅਤੇ ਜੱਗੇ ਦੇ ਭੂਆ ਦੇ ਪੁੱਤਰ ਗਏ ਸਨ। ਉਹ ਉਥੇ ਇਕ ਸਰਾਂ ਵਿਚ ਠਹਿਰੇ ਸਨ। ਰੇਸ਼ਮ ਕੌਰ ਦੱਸਦੀ ਹੈ ਕਿ ਕਈ ਵੱਡੇ ਅਫਸਰ ਜੱਗੇ ਦੀ ਲਾਸ਼ ਵੇਖਣ ਲਈ ਕਸੂਰ ਪਹੁੰਚੇ ਸਨ। ਕਾਨੂੰਨੀ ਅੜਿੱਕਿਆਂ ਕਾਰਨ ਦੋ ਦਿਨ ਬਾਅਦ ਬਹੁਤ ਮੁਸ਼ਕਲ ਨਾਲ ਲਾਸ਼ ਮਿਲੀ ਸੀ। ਜੱਗੇ ਦਾ ਅੰਤਿਮ ਸੰਸਕਾਰ ਉਸ ਦੇ ਜੱਦੀ ਪਿੰਡ ਬੁਰਜ ਰਣਸਿੰਘ ਵਾਲਾ ਵਿਖੇ ਕੀਤਾ ਗਿਆ ਸੀ। ਸਰਕਾਰੀ ਡਰ ਕਾਰਨ ਉਸ ਦੀ ਕੋਈ ਸਮਾਧ ਵਗੈਰਾ ਬਣਾਈ ਗਈ ਸੀ।

0

ਸੁੱਚੇ ਹੁਣਾਂ ਦੀ ਕਰੀਬ 60-65 ਕਿੱਲੇ ਜ਼ਮੀਨ ਉਸ ਦੀ ਔਲਾਦ ਦੇ ਨਾਮ ਚੜ੍ਹ ਗਈ। ਸੰਤ ਸਿੰਘ, ਜਿਸ ਦੇ ਕਹਿਣ 'ਤੇ ਸੁੱਚੇ ਨੇ ਰਾਜ ਕੌਰ ਤੇ ਗੱਜਣ ਵੈਲੀ ਦੇ ਕਤਲ ਕੀਤੇ ਸਨ, ਨੇ ਸੁੱਚੇ ਸੂਰਮੇ ਦੀ ਸਮਾਧ ਪਿੰਡ ਸਮਾਉਂ ਵਿਚ ਤਿਆਰ ਕਰਵਾਈ ਜੋ ਅੱਜ ਵੀ ਮੌਜੂਦ ਹੈ।

0

ਪੰਜਾਬੀ ਫਿਲਮਾਂ ਵਾਲੇ ਹਰੇਕ ਲੋਕ ਨਾਇਕ ਦੀ ਫਿਲਮ ਬਣਾਉਣ ਲੱਗਿਆਂ ਉਸ ਨੂੰ ਕਲੀਨ ਸ਼ੇਵ ਵਿਖਾ ਦੇਂਦੇ ਜੋ ਠੀਕ ਨਹੀਂ ਹੈ। ਦੁੱਲੇ ਭੱਟੀ ਤੋਂ ਇਲਾਵਾ ਜੱਗਾ ਡਾਕੂ, ਸੁੱਚਾ ਸੂਰਮਾ ਅਤੇ ਜਿਊਣਾ ਮੌੜ ਤਿੰਨੇ ਕੇਸਧਾਰੀ ਹਨ। ਜੇ ਪੰਜਾਬੀ ਫਿਲਮਾਂ ਦੇ ਡਾਇਰੈਕਟਰ ਥੋੜ੍ਹਾ ਜਿਹਾ ਖੋਪੜੀ 'ਤੇ ਬੋਝ ਪਾ ਲਿਆ ਕਰਨ ਤਾਂ ਬਹੁਤ ਮਿਹਰਬਾਨੀ ਹੋਵੇਗੀ।

ਇਥੇ ਇਹ ਗੱਲ ਵੇਖਣ ਵਾਲੀ ਹੈ ਕਿ ਇਹ ਸੰਵੇਦਨਾ ਉਸ 'ਲੇਖਕ' ਦੀ ਹੈ ਜੋ 'ਵਿਅਕਤੀ' ਵਜੋਂ ਦਿਨ ਰਾਤ ਪੁਲਿਸ ਮਹਿਕਮੇ ਨਾਲ ਵਾਬਸਤਾ ਹੈ (ਪਾਠਕਾਂ ਦੀ ਜਾਣਕਾਰੀ ਲਈ ਦੱਸ ਦਿਆਂ ਕਿ ਬਲਰਾਜ ਸਿੰਘ ਸਿੱਧੂ ਐਸ.ਪੀ. ਰੈਂਕ ਦਾ ਪੁਲਿਸ ਅਧਿਕਾਰੀ ਹੈ) ਪਰੰਤੂ ਆਪਣੀ ਇਸ ਨੌਕਰੀ ਦੇ ਤਜਰਬੇ ਦਾ ਬਲਰਾਜ ਨੂੰ ਇਹ ਲਾਹਾ ਜ਼ਰੂਰ ਮਿਲਿਆ ਹੈ ਕਿ ਉਸ ਦੀ 'ਸੰਵੇਦਨਾ' ਹਮੇਸ਼ਾ 'ਚੇਤਨਾ' ਦੀ ਧਾਰ ਹੇਠ ਤੁਰਦੀ ਹੈ। ਇਸੇ ਲਈ ਉਹ ਇਨ੍ਹਾਂ ਕਥਾਵਾਂ ਦਾ ਗੁਣਗਾਣ ਕਰਦਾ ਹੋਇਆ ਵੀ ਵਿਆਖਿਆ, ਵਿਸ਼ਲੇਸ਼ਣ ਤੇ ਵਿਵੇਚਨ ਦੀ ਤਿਕੜੀ ਨਾਲ ਲਬਰੇਜ਼ ਹੈ। ਇੰਜ 'ਰੀਝ' ਨਾਲ ਕਥਾਵਾਂ 'ਸੁਣਾਉਣ' ਦੇ ਨਾਲ ਨਾਲ ਉਹ ਇਨ੍ਹਾਂ ਕਥਾਵਾਂ ਨੂੰ 'ਨੀਝ' ਨਾਲ 'ਵਖਰਿਆਉਣ' ਦਾ ਕਾਰਜ ਵੀ ਕਰਦਾ ਹੈ ਜਿਸ ਦਾ ਪ੍ਰਮਾਣ ਅਖਰੀਲੀਆਂ ਤਿੰਨ ਕਥਾਵਾਂ ਹੀਰ ਰਾਂਝਾ, ਮਿਰਜਾ ਸਾਹਿਬਾਂ, ਸੋਹਣੀ ਮਹੀਵਾਲ ਹਨ। ਬਲਰਾਜ ਆਪਣੀ 'ਤਰਕ ਦੀ ਤੱਕੜੀ' ਨਾਲ ਇਨ੍ਹਾਂ 'ਤਿਕੜੀ ਕਥਾਵਾਂ' ਦੀ ਨਕਾਬਕੁਸ਼ਾਈ ਕਰਦਾ ਹੈ ਅਤੇ ਉਨ੍ਹਾਂ ਨੂੰ ਸਮਕਾਲੀ ਤੇ ਤਤਕਾਲੀ ਪ੍ਰਸੰਗਾਂ ਵਿਚ ਵਾਚਦਾ ਹੈ। ਪ੍ਰਮਾਣ ਵਜੋਂ ਉਸ ਵਲੋਂ ਕੱਢੇ 'ਸੂਤਰ' ਵੇਖੇ ਜਾ ਸਕਦੇ ਹਨ :

ਸੈਦੇ ਵਰਗੇ ਅੱਖੜ ਚੌਧਰੀ ਵੱਲੋਂ ਆਪਣੀ ਪਤਨੀ ਨੂੰ ਐਨੀ ਅਸਾਨੀ ਨਾਲ ਛੱਡ ਦੇਣ ਵਾਲੀ ਗੱਲ ਵੀ ਹਜ਼ਮ ਨਹੀਂ ਹੁੰਦੀ। ਉਹ ਚੰਗੇ ਭਲੇ ਤਕੜੇ ਖਾਨਦਾਨ ਦਾ ਸੀ। ਉਸ ਨੂੰ ਤਾਂ ਲੋਕਾਂ ਨੇ ਤਾਹਨੇ ਮਿਹਣੇ ਮਾਰ ਕੇ ਸ਼ੁਦਾਈ ਕਰ ਦੇਣਾ ਸੀ ਕਿ ਉਸ ਦੀ ਪਤਨੀ ਕਿਸੇ ਹੋਰ ਨਾਲ ਉੱਧਲ ਗਈ ਹੈ। ਕਿਸੇ ਇੱਜ਼ਤਦਾਰ ਬੰਦੇ ਲਈ ਤਾਂ ਅੱਜ ਦੇ ਆਧੁਨਿਕ ਸਮੇਂ ਵਿਚ ਵੀ ਆਪਣੀ ਪਤਨੀ ਉਸ ਦੇ ਆਸ਼ਕ ਨੂੰ ਸੌਂਪ ਦੇਣੀ ਅਣਹੋਣੀ ਗੱਲ ਹੈ। ਹਰੇਕ ਦੂਸਰੇ ਚੌਥੇ ਹਫਤੇ ਅਜਿਹੇ ਮਾਮਲਿਆਂ ਵਿਚ ਕਤਲ ਹੋਣ ਦੀਆਂ ਖਬਰਾਂ ਛਪਦੀਆਂ ਰਹਿੰਦੀਆਂ ਹਨ। ਉਸ ਜ਼ਮਾਨੇ ਵਿਚ ਤਾਂ ਰਾਂਝੇ ਹੀਰ ਦਾ ਕਤਲ ਹੋਣਾ ਸੌ ਫੀਸਦੀ ਲਾਜ਼ਮੀ ਸੀ। ਇਸ ਤੋਂ ਇਲਾਵਾ ਰਾਂਝੇ ਨੇ ਭਾਬੀਆਂ ਦੇ ਤਾਹਨੇ ਮਿਹਣਿਆਂ ਤੋਂ ਦੁਖੀ ਹੋ ਕੇ ਘਰ ਛੱਡਿਆ ਸੀ, ਫਿਰ ਦੁਬਾਰਾ ਉਹਨਾਂ ਬੇਮੁਰੱਵਤ ਭਰਾਵਾਂ ਭਰਜਾਈਆਂ ਨੂੰ ਆਪਣੀ ਬਰਾਤ ਵਿਚ ਲਿਜਾਉਣ ਲਈ ਤਖਤ ਹਜ਼ਾਰੇ ਜਾਣਾ ਵੀ ਠੀਕ ਨਹੀਂ ਲੱਗਦਾ।

0

ਮਿਰਜ਼ੇ ਦੀ ਕਬਰ 'ਤੇ ਹਰ ਸਾਲ ਦਸ ਚੇਤਰ ਨੂੰ ਮੇਲਾ ਲੱਗਦਾ ਹੈ।

ਹੋ ਸਕਦਾ ਹੈ ਕਿ ਇਸੇ ਦਿਨ ਮਿਰਜ਼ਾ ਸਾਹਿਬਾਂ ਦਾ ਕਤਲ ਹੋਇਆ ਹੋਵੇ। ਮਿਰਜ਼ੇ ਨੂੰ ਆਪਣੇ ਪਿੰਡ ਦੀ ਮਿੱਟੀ ਵੀ ਨਸੀਬ ਨਹੀਂ ਹੋਈ। ਉਸ ਨੂੰ ਤੇ ਸਾਹਿਬਾਂ ਨੂੰ ਮਰਨ ਵਾਲੀ ਜਗ੍ਹਾ 'ਤੇ ਹੀ ਦਫਨਾ ਦਿੱਤਾ ਗਿਆ। ਪਾਕਿਸਤਾਨੀ ਲਿਖਾਰੀ ਤਾਰਿਕ ਅਮੀਰ ਨੇ 2014 ਵਿਚ ਕਬਰਾਂ ਦਾ ਦੌਰਾ ਕੀਤਾ ਸੀ। ਉਸ ਨੇ ਲਿਖਿਆ ਹੈ ਕਿ ਕਬਰਾਂ ਉੱਤੇ ਇਕ ਨਵਾਂ ਹੀ ਤਿਆਰ ਕੀਤਾ ਸਧਾਰਨ ਜਿਹਾ ਕਮਰਾ ਬਣਿਆ ਹੋਇਆ ਹੈ। ਕਮਰੇ ਦੀ ਦਿੱਖ ਤੋਂ ਲਗਦਾ ਹੈ ਕਿ 2-3 ਸਾਲ ਪਹਿਲਾਂ ਹੀ ਉਸਾਰਿਆ ਗਿਆ ਹੈ। ਜੇ ਪਰਿਵਾਰ ਅਤੇ ਸ਼ਰੀਕੇ ਕਬੀਲੇ ਵਾਲੇ ਉਸ ਦੇ ਕਾਰਨਾਮੇ ਦੀ ਪ੍ਰੋੜਤਾ ਕਰਦੇ ਹੁੰਦੇ ਤਾਂ ਮਿਰਜ਼ਾ-ਸਾਹਿਬਾਂ ਦੀਆਂ ਲਾਸ਼ਾਂ ਨੂੰ ਦਾਨਾਬਾਦ ਲਿਜਾ ਕੇ ਪੂਰੇ ਮਾਨ-ਸਨਮਾਨ ਨਾਲ ਪਿੰਡ ਦੇ ਕਬਰਸਤਾਨ ਵਿਚ ਸਪੁਰਦੇ-ਖਾਕ ਕਰਦੇ ਅਤੇ ਉਹਨਾਂ ਦਾ ਸ਼ਾਨਦਾਰ ਮਕਬਰਾ ਤਾਮੀਰ ਕਰਾਉਂਦੇ। ਪਿੰਡ ਦਾ ਘਟੀਆ ਤੋਂ ਘਟੀਆ ਬੰਦਾ ਵੀ ਮਰ ਜਾਵੇ ਤਾਂ ਉਸ ਦਾ ਅੰਤਿਮ ਕਿਰਿਆ ਕਰਮ ਪਿੰਡ ਦੇ ਸ਼ਮਸ਼ਾਨ ਘਾਟ-ਕਬਰਸਤਾਨ ਵਿਚ ਹੀ ਕੀਤਾ ਜਾਂਦਾ ਹੈ।

ਇਸ ਸੰਬੰਧ ਵਿਚ ਉਹ ਆਪਣੀ ਚੇਤਨ ਬੁੱਧੀ ਨਾਲ ਇਸ ਸਿੱਟੇ ਤੇ ਵੀ ਪੁੱਜਦਾ ਹੈ ਕਿ 'ਸੋਹਣੀ ਮਹੀਵਾਲ ਦਾ ਕਿੱਸਾ ਬਿਲਕੁਲ ਹੀ ਕਾਲਪਨਿਕ ਲਗਦਾ ਹੈ'। ਇਸ ਪਰਥਾਇ ਉਹ ਦਲੀਲ ਦਿੰਦਾ ਹੈ :

ਸੋਹਣੀ ਚਾਹੇ ਜਿੰਨੀ ਮਰਜ਼ੀ ਚਲਾਕੀ ਵਰਤਦੀ, ਇਹ ਸੰਭਵ ਨਹੀਂ ਸੀ ਉਹ ਤਰ ਕੇ ਦਰਿਆ ਦੇ ਪਾਰ ਆਵੇ ਜਾਵੇ ਤੇ ਕਿਸੇ ਦੀ ਨਜ਼ਰ ਨਾ ਚੜ੍ਹੇ। ਉਹ ਘਰ ਵਾਪਸ ਆ ਕੇ ਆਪਣੇ ਗਿੱਲੇ ਕੱਪੜੇ ਕਿਵੇਂ ਸੁਕਾਉਂਦੀ ਹੋਵੇਗੀ? ਪਰਿਵਾਰ ਵਾਲੇ ਨਹੀਂ ਪੁੱਛਦੇ ਹੋਣਗੇ ਕਿ ਤੇਰੇ ਕੱਪੜੇ ਰੋਜ਼ ਰਾਤ ਨੂੰ ਗਿੱਲੇ ਕਿਵੇਂ ਹੋ ਜਾਂਦੇ ਹਨ? ਸੋਹਣੀ ਸਾਰੀ ਉਮਰ ਭਾਂਡੇ ਬਣਾਉਂਦੀ ਰਹੀ ਸੀ। ਇਹ ਸੰਭਵ ਹੀ ਨਹੀਂ ਕਿ ਇਕ ਘੁਮਿਆਰੀ ਨੂੰ ਮਾਲੂਮ ਨਾ ਹੋਵੇ ਕਿ ਘੜਾ ਕੱਚਾ ਹੈ ਕਿ ਧੱਕਾ। ਉਹ ਤਾਂ ਛੂਹ ਕੇ ਹੀ ਦੱਸ ਦੇਂਦੀ। ਲੱਗਦਾ ਹੈ ਕਿ ਉਹ ਮਹੀਵਾਲ ਦੇ ਪ੍ਰੇਮ ਵਿਚ ਅੰਨ੍ਹੀ ਹੋ ਕੇ ਕੱਚੇ ਘੜੇ ਤੇ ਹੀ ਹੜ੍ਹ ਆਏ ਦਰਿਆ ਵਿਚ ਠਿੱਲ੍ਹ ਪਈ ਤੇ ਦੋਵੇਂ ਚੜ੍ਹੇ ਹੋਏ ਦਰਿਆ ਵਿਚ ਰੁੜ੍ਹ ਗਏ। ਇਸ ਕਿੱਸੇ ਨੂੰ ਬਾਰੀਕੀ ਨਾਲ ਵਾਚਣ ਤੋਂ ਪਤਾ ਚੱਲਦਾ ਹੈ ਕਿ ਪ੍ਰੇਮ ਕਹਾਣੀ ਤੋਂ ਜ਼ਿਆਦਾ ਅੱਯਾਸ਼ੀ ਦੀ ਕਹਾਣੀ ਹੈ।

ਬਲਰਾਜ ਇਨ੍ਹਾਂ ਕਥਾਵਾਂ ਦਾ ਮੁਲਾਂਕਣ ਤੇ ਪੁਨਰ-ਮੁਲਾਂਕਣ ਹੀ ਨਹੀਂ ਕਰਦਾ ਬਲਕਿ ਇਕ ਸਮਾਜ ਸ਼ਾਸਤਰੀ ਵਾਂਗ ਸਮਾਜਕ ਵਿਸ਼ਲੇਸ਼ਣ ਵੀ

ਕਰਦਾ ਹੈ। ਉਸ ਨੂੰ ਸੋਹਣੀ ਮਹੀਵਾਲ ਦਾ ਕਿੱਸਾ ਇਸ ਲਈ ਕਾਲਪਨਿਕ ਲਗਦਾ ਹੈ ਕਿਉਂਕਿ ਇਹ ਵੇਲੇ ਦੇ ਨੈਤਿਕ ਪ੍ਰਤੀਮਾਨਾਂ ਦੇ ਅਨੁਰੂਪ ਨਹੀਂ ਹੈ। ਜਿਸਦਾ ਪ੍ਰਮਾਣ ਬਲਰਾਜ ਦੀ ਇਸ ਟਿੱਪਣੀ ਤੋਂ ਮਿਲਦਾ ਹੈ :

ਪੰਜਾਬ ਦਾ ਇਹ ਇੱਕੋ ਇੱਕ ਕਿੱਸਾ ਹੈ ਜਿਸ ਦੀ ਨਾਇਕਾ ਪਤੀ ਦੇ ਹੁੰਦਿਆਂ ਪ੍ਰੇਮੀ ਨਾਲ ਰਾਤਾਂ ਬਿਤਾਉਣ ਜਾਂਦੀ ਸੀ।

ਬਲਰਾਜ ਨੂੰ ਇਸ ਗੱਲ ਦੀ ਸਮਝ ਹੈ ਕਿ ਭਾਰਤ ਦਾ ਪ੍ਰਵੇਸ਼ ਦੁਆਰ ਪੰਜਾਬ ਹੋਣ ਕਰਕੇ ਪੰਜਾਬੀ ਬੰਦਾ ਹਮੇਸ਼ਾ ਹੀ ਹਮਲਾਵਰਾਂ ਦੀ ਮਾਰ ਹੇਠ ਰਿਹਾ ਹੈ ਜਿਸ ਕਾਰਨ 'ਨਾਬਰੀ', 'ਦੁਸ਼ਮਣੀ' ਤੇ 'ਅਣਖ' ਪੰਜਾਬੀਆਂ ਦੇ ਜੀਨਜ਼ ਵਿਚ ਹੈ। ਇਸੇ ਲਈ ਪੰਜਾਬੀਆਂ ਨੂੰ ਦੁੱਲਾ, ਜੀਊਣਾ, ਜੱਗਾ, ਸੁੱਚਾ ਸੂਰਮਾ ਕੋਈ ਡਾਕੂ ਜਾਂ ਲੁਟੇਰੇ ਨਹੀਂ ਸਗੋਂ 'ਹੀਰੋ' ਜਾਪਦੇ ਹਨ। ਇਸ ਦੇ ਨਾਲ ਨਾਲ ਹੀਰ ਦੀ 'ਨਾਬਰੀ' ਉਸ ਨੂੰ 'ਮਾਈ ਹੀਰ' ਤੇ ਮਿਰਜ਼ੇ ਦੀ ਬਹਾਦਰੀ ਉਸ ਨੂੰ 'ਪੰਜਾਬੀਆਂ ਦਾ ਅਣਖ' ਦਾ ਰੁਤਬਾ ਦਿਵਾਉਂਦੀ ਹੈ। ਬਲਰਾਜ ਦੀ ਇਹ ਸਮਾਜ ਸ਼ਾਸਤਰੀ ਪਹੁੰਚ ਹੀ ਸੋਹਣੀ ਮਹੀਵਾਲ ਦੇ ਕਿੱਸੇ ਨੂੰ ਕਾਲਪਨਿਕਤਾ ਦੇ ਘੇਰੇ ਵਿਚ ਲਿਆਉਂਦੀ ਹੈ।

ਇਸ ਪੁਸਤਕ ਦਾ ਇਕ ਪੱਖ ਇਹ ਵੀ ਹੈ ਕਿ ਬਿਨਾਂ ਕਿਸੇ ਪੀਐਚ.ਡੀ. ਦੀ ਡਿਗਰੀ ਲਈ ਖੋਜ ਕਰਨ ਤੋਂ ਬਲਰਾਜ ਨੇ ਇਕ ਖੋਜੀ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਕਥਾਵਾਂ ਦੀ ਨਿਰਖ ਪਰਖ ਕੀਤੀ ਹੈ। ਇਸ ਪ੍ਰਕਾਰ ਇਸ ਪੁਸਤਕ ਰਾਹੀਂ ਮੇਰਾ ਮਿੱਤਰ ਬਲਰਾਜ ਸਿੰਘ ਸਿੱਧੂ ਇਕ ਇਤਿਹਾਸਕਾਰ, ਸਮਾਜਸ਼ਾਸਤਰੀ ਤੇ ਸਾਹਿਤ ਖੋਜੀ ਵਾਲਾ ਰੁਤਬਾ ਪ੍ਰਾਪਤ ਕਰਨ ਦਾ ਵੀ ਹੱਕਦਾਰ ਹੈ। ਇਹ ਪੁਸਤਕ ਪੜ੍ਹ ਕੇ ਬਲਰਾਜ ਦੀ ਕਲਮ ਵਿਚ ਮੇਰਾ 'ਵਿਸ਼ਵਾਸ' ਹੋਰ ਪੱਕਾ ਹੋਇਆ ਹੈ। ਮੇਰੀ ਆਸ ਹੀ ਨਹੀਂ ਸਗੋਂ ਵਿਸ਼ਵਾਸ ਹੈ ਕਿ ਬਲਰਾਜ ਮੇਰੇ ਇਸ 'ਵਿਸ਼ਵਾਸ' ਵਿਚ ਨਿਤ ਦਿਨ ਇਜ਼ਾਫਾ ਕਰਦਾ ਰਹੇਗਾ। ਆਮੀਨ!

-ਸਤੀਸ਼ ਕੁਮਾਰ ਵਰਮਾ (ਡਾ.)

30.1.2018

ਪ੍ਰੋਫੈਸਰ, ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗਤੀਸ਼ੀਲ ਕਲਮਕਾਰ ਸਿੱਧੂ

ਸ੍ਰ. ਬਲਰਾਜ ਸਿੰਘ ਸਿੱਧੂ ਨਿਰੰਤਰ ਲਿਖਣ ਵਾਲਾ ਗਤੀਸ਼ੀਲ ਕਲਮਕਾਰ ਹੈ। ਉਸਦੀ ਕਲਮ ਦੀ ਸਿਆਹੀ ਕਦੀ ਨਹੀਂ ਸੁਕਦੀ ਤੇ ਨਾ ਹੀ ਲਿਖਦੇ ਸਮੇਂ ਉਸਦੇ ਹੱਥ ਥੱਕਦੇ ਹਨ। ਲਿਖਣਾ ਉਸਦਾ ਕਿੱਤਾ ਨਹੀਂ ਹੈ ਸਿਰਫ ਇੱਕ ਇਸ਼ਕ ਹੈ। ਜਨੂੰਨ ਹੈ ਤੇ ਫ਼ਰਜ਼ ਹੈ। ਸਿੱਧੂ ਬਿਨਾਂ ਸੋਚੇ-ਸਮਝੇ ਨਹੀਂ ਲਿਖਦਾ। ਉਸਦੀ ਹਰ ਲਿਖਤ ਵਜ਼ਨ ਭਰਪੂਰ, ਗਿਆਨ ਵਰਸਕ ਤੇ ਮਨ ਨੂੰ ਲੁਭਾਉਣ ਵਾਲੀ ਹੁੰਦੀ ਹੈ।

ਸ੍ਰ. ਬਲਰਾਜ ਸਿੰਘ ਸਿੱਧੂ ਨੂੰ ਸਿਰਫ਼ ਪੰਜਾਬ ਹੀ ਨਹੀਂ ਸਗੋਂ ਦੇਸ਼-ਵਿਦੇਸ਼ ਦੇ ਅਖ਼ਬਾਰਾਂ-ਰਸਾਲਿਆਂ ਵਿੱਚ ਛਪਣ 'ਤੇ ਬੜੀ ਦਿਲਚਸਪੀ ਤੇ ਬੇਸਬਰੀ ਨਾਲ ਪੜ੍ਹਿਆ ਤੇ ਮਾਣਿਆ ਜਾਂਦਾ ਹੈ। ਉਹ ਆਪਣੀ ਲਿਖਤ ਨੂੰ ਗੋਲ ਜਾਂ ਉਕਾਊ ਨਹੀਂ ਹੋਣ ਦਿੰਦਾ, ਇਹ ਵੀ ਇੱਕ ਗੁਣ ਹੈ ਉਸਦੀ ਲਿਖਤ ਵਿੱਚ।

ਸ੍ਰ. ਸਿੱਧੂ ਨੇ ਭਾਰਤ ਤੇ ਪੰਜਾਬ ਦੇ ਹੀ ਨਹੀਂ ਸਗੋਂ ਦੁਨੀਆਂ ਦੇ ਭਖਦੇ ਤੇ ਤਾਜ਼ਾ-ਤਰੀਨ ਮੁੱਦਿਆਂ ਉੱਤੇ ਕਲਮ ਚਲਾਈ ਹੈ। ਮੇਰੀ ਉਸ ਨਾਲ ਜਾਣ-ਪਛਾਣ ਇੱਕ ਦਹਾਕਾ ਪਾਰ ਕਰਨ ਲੱਗੀ ਹੈ। ਮੈਂ ਉਸਨੂੰ ਲਗਾਤਾਰ ਲਿਖਦੇ ਹੋਏ ਵੇਖ ਰਿਹਾ ਹਾਂ ਤੇ ਪੜ੍ਹ ਵੀ ਰਿਹਾ ਹਾਂ।

ਇਸ ਵੇਲੇ ਉਸਦੀ ਨਵੀਂ ਪੁਸਤਕ 'ਪੰਜਾਬ ਦੇ ਲੋਕ ਨਾਇਕ' ਦਾ ਖਰੜਾ ਮੇਰੀ ਟੇਬਲ ਉੱਤੇ ਹੈ। ਮੈਂ ਗਹੁ ਨਾਲ ਵਾਚਿਆ ਤੇ ਮਹਿਸੂਸ ਕੀਤਾ ਕਿ ਸਿੱਧੂ ਨੇ ਆਪਣੀ ਕਲਮ ਦਾ ਮਾਣ-ਤਾਣ ਇਹ ਪੁਸਤਕ ਲਿਖ ਕੇ ਦੂਣਾ-ਚੌਣਾ ਵਧਾ ਲਿਆ ਹੈ। ਬਹੁਤੀ ਵਾਰੀ ਉਹ ਅਣ-ਛੂਹੇ ਵਿਸ਼ਿਆਂ ਨੂੰ ਹੱਥ ਪਾਉਂਦਾ ਹੈ। ਪੰਜਾਬ ਦੇ ਲੋਕ ਨਾਇਕਾਂ ਬਾਰੇ ਸਾਡੇ ਪੰਜਾਬੀ ਸਾਹਿਤ ਵਿੱਚ ਬਹੁਤ ਹੀ ਘੱਟ ਲਿਖਿਆ ਗਿਆ ਹੈ। ਸਿੱਧੂ ਦੀ ਇਹ ਪੁਸਤਕ ਲੋਕਧਾਰਾ ਸਾਹਿਤ ਲੜੀ ਵਿੱਚ ਇੱਕ ਵਡਮੁੱਲਾ ਵਾਧਾ ਹੈ।

ਉਸਨੇ ਦੁੱਲਾ ਭੱਟੀ ਤੋਂ ਗੱਲ ਤੋਰੀ। ਜੱਗੇ ਡਾਕੂ ਦੀ ਵਿਸਥਾਰਿਤ ਝਾਤ

ਪਾਈ। ਸੁੱਚੇ ਸੂਰਮੇ ਦੀ ਲੋਕਗਾਥਾ ਨੂੰ ਸਾਡੇ ਪੰਜਾਬੀ ਲੋਕ ਵਾਰ-ਵਾਰ ਸੁਣਦੇ ਨੇ ਪਰ ਸਿੱਧੂ ਨੇ ਲਿਖਤੀ ਰੂਪ ਵਿੱਚ ਉਸਦੀ ਗੱਲ ਕਰਕੇ ਇਸਨੂੰ ਹੋਰ ਵੀ ਅਹਿਮ ਬਣਾ ਦਿੱਤਾ ਹੈ। ਮੈਂ ਖ਼ੁਦ ਨਿੱਕਾ ਹੁੰਦਾ ਸੁਰਿੰਦਰ ਛਿੰਦੇ ਦਾ ਗਾਇਆ ਜਿਊਣਾ ਮੌੜ ਸੁਣਦਾ ਹੁੰਦਾ ਸੀ। ਪਰ ਲਿਖਤੀ ਰੂਪ ਵਿੱਚ ਸਿੱਧੂ ਦਾ ਹੀ ਪੜ੍ਹਨ ਨੂੰ ਇਸੇ ਪੁਸਤਕ ਵਿੱਚੋਂ ਮਿਲਿਆ ਹੈ। ਇੱਥੇ ਹੀ ਬੱਸ ਨਹੀਂ; ਸਗੋਂ ਸਿੱਧੂ ਹੀਰ ਰਾਂਝੇ ਦੀ ਕਹਾਣੀ ਵਾਰੇ ਆਪਣੀ ਦ੍ਰਿਸ਼ਟੀ ਤੋਂ ਬਾਤ ਪਾਉਂਦਾ ਵਿਸਥਾਰਿਤ ਗੱਲ ਕਰਦੈ ਕਿ ਉਨ੍ਹਾਂ ਹਾਲਾਤਾਂ ਵਿੱਚ ਅਜਿਹਾ ਸੰਭਵ ਸੀ, ਜਾਂ ਨਹੀਂ? ਉਹ ਮਿਰਜ਼ੇ ਦੀ ਮੌਤ ਲਈ ਸਹਿਬਾ ਨੂੰ ਜ਼ਿੰਮੇਵਾਰ ਠਹਿਰਾਉਣ 'ਤੇ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਸਿੱਧੂ ਸੋਹਣੀ ਮਹੀਵਾਲ ਕਿੱਸੇ ਦੀ ਗੱਲ ਆਪਣੇ ਵਿਗਿਆਨਕ ਨਜ਼ਰੀਏ ਤੋਂ ਕਮਾਲ ਨਾਲ ਕਰਦੈ। ਕੋਈ ਸਹਿਮਤ ਹੋਵੇ, ਜਾਂ ਨਾ। ਜੇ ਦੇਖਿਆ ਜਾਵੇ ਇਹ ਕਿਤਾਬ 'ਐਵੇਂ ਕੈਵੇ' ਦੀਆਂ ਕਿਤਾਬਾਂ ਦੀ ਸ਼੍ਰੇਣੀ ਵਾਲੀ ਨਹੀਂ ਸਗੋਂ ਪੜ੍ਹਨਯੋਗ ਤੇ ਅੱਗੇ ਪੜ੍ਹਾਉਣਯੋਗ ਹੈ। ਜਾਣਕਾਰੀ ਭਰਪੂਰ ਹੈ। ਸਿੱਧੂ ਦੀ ਕਲਮ ਰਵਾਨੀ ਭਰੀ ਹੈ। ਨਿੱਕੇ-ਨਿੱਕੇ ਵਾਕ, ਪੈਰੇ, ਸ਼ੈਲੀ, ਸ਼ਬਦਾਂ ਦੀ ਚੋਣ, ਸਭ ਕੁੱਝ ਢੁੱਕਵਾ ਹੈ।

ਮੈਂ ਇਸ ਪੁਸਤਕ ਦਾ ਨਿੱਘਾ ਸਵਾਗਤ ਕਰਦਾ ਹਾਂ।

- ਨਿੰਦਰ ਘੁਗਿਆਣਵੀ

ninder-ghugianvi@yahoo.com

Mob : 94174-21700

ਲੋਹੜੀ ਦੇ ਗਾਣਿਆਂ ਵਾਲਾ ਲੋਕ ਨਾਇਕ, ਦੁੱਲਾ ਭੱਟੀ

ਮੈਂ ਢਾਹਾਂ ਦਿੱਲੀ ਦੇ ਕਿੰਗਰੇ, ਨਾਲੇ ਕਰਾਂ ਲਾਹੌਰ ਤਬਾਹ ਨੀ,
ਸਣੇ ਅਕਬਰ ਬੰਨ੍ਹਾਂ ਬੇਗਮਾਂ, ਪਾਵਾਂ ਪਿੰਡੀ ਵਾਲੇ ਰਾਹ ਨੀ।

ਜਿਸ ਜ਼ਮਾਨੇ ਵਿੱਚ ਰਾਣੇ-ਰਾਜੇ ਅਕਬਰ ਵਰਗੇ ਮਹਾਨ ਮੁਗਲ ਬਾਦਸ਼ਾਹ ਦੀ ਖੁਸ਼ਨੂਦੀ ਹਾਸਲ ਕਰਨ ਖਾਤਰ ਆਪਣੀਆਂ ਨੌਜਵਾਨ ਬੇਟੀਆਂ ਦੀ ਸ਼ਾਦੀ ਉਸ ਨਾਲ ਕਰ ਦੇਂਦੇ ਹੋਣ, ਉਸ ਨਾਲ ਮੁਕਾਬਲਾ ਕਰਨ ਦੀ ਹਿੰਮਤ ਦੁੱਲੇ ਵਰਗੇ ਕਿਸੇ ਸ਼ੇਰਨੀ ਮਾਤਾ ਦੇ ਪੁੱਤਰ ਵਿੱਚ ਹੀ ਹੋ ਸਕਦੀ ਹੈ। ਦੁੱਲਾ ਪੰਜਾਬ ਦੇ ਇਤਿਹਾਸ ਦਾ ਅਮਰ ਕਿਰਦਾਰ ਹੈ ਤੇ ਅਣਖ ਨਾਲ ਜਿਊਣ ਦਾ ਪ੍ਰਤੀਕ ਹੈ। ਪੰਜਾਬ ਦੇ ਚਾਰ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਿੱਚੋਂ ਰਾਇ ਅਬਦੁੱਲਾ ਖਾਨ ਭੱਟੀ, ਉਰਫ ਦੁੱਲਾ ਭੱਟੀ ਨੇ ਸਭ ਤੋਂ ਪਹਿਲਾਂ ਪੰਜਾਬ ਦੀ ਧਰਤੀ ਨੂੰ ਭਾਗ ਲਾਏ। ਉਹ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਹੈ। ਉਸ ਦਾ ਜਨਮ 1569 ਈ. ਦੇ ਕਰੀਬ ਬਾਦਸ਼ਾਹ ਅਕਬਰ ਮਹਾਨ ਦੇ ਸ਼ਾਸ਼ਨ ਕਾਲ ਦੌਰਾਨ ਹੋਇਆ। ਉਸ ਦੀ ਮਾਤਾ ਦਾ ਨਾਮ ਲੱਧੀ ਅਤੇ ਬਾਪ ਦਾ ਨਾਮ ਰਾਇ ਫਰੀਦ ਖਾਨ ਭੱਟੀ ਸੀ ਜੋ ਮੁਸਲਿਮ ਰਾਜਪੂਤ ਸੀ। ਫਰੀਦ ਖਾਨ ਸਾਂਦਲ ਬਾਰ ਦੇ ਪਿੰਡੀ ਭੱਟੀਆਂ ਇਲਾਕੇ ਦਾ ਸਰਦਾਰ ਸੀ ਤੇ ਉਸ ਦਾ ਪ੍ਰਭਾਵ ਮੌਜੂਦਾ ਹਾਫੀਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਕਰੀਬ 300 ਕਿ.ਮੀ. ਦੇ ਇਲਾਕੇ ਵਿੱਚ ਫੈਲਿਆ ਹੋਇਆ ਸੀ। ਇਲਾਕੇ ਦੇ ਸਾਰੇ ਚੌਧਰੀ-ਜ਼ਿਮੀਦਾਰ ਉਸ ਦੀ ਅਧੀਨਤਾ ਮੰਨਦੇ ਸਨ। ਪਿੰਡੀ ਭੱਟੀਆਂ ਦਾ ਇਲਾਕਾ ਅੱਜ ਕਲ੍ਹ ਪਾਕਿਸਤਾਨ ਦੇ ਜਿਲ੍ਹਾ ਫੈਸਲਾਬਾਦ (ਪਹਿਲਾਂ ਲਾਇਲਪੁਰ) ਦੇ ਆਸ ਪਾਸ ਪੈਂਦਾ ਹੈ। ਸਾਂਦਲ ਬਾਰ ਦਾ ਨਾਮ ਹੀ ਫਰੀਦ ਖਾਨ ਦੇ ਬਾਪ ਸਾਂਦਲ ਦੇ ਨਾਮ 'ਤੇ ਪਿਆ ਸੀ।

ਅਕਬਰ ਦੇ ਰਾਜ ਭਾਗ ਤੋਂ ਪਹਿਲਾਂ ਭਾਰਤ ਵਿੱਚ ਜ਼ਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬਹੁਤ ਧਾਂਦਲੀ ਚੱਲਦੀ ਸੀ। ਜ਼ਿਮੀਦਾਰ ਗਰੀਬ ਕਿਸਾਨਾਂ

ਕੋਲੋਂ ਤਾਂ ਲਗਾਨ ਸਖਤੀ ਨਾਲ ਉਗਰਾਹੁੰਦੇ ਸਨ, ਪਰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਾਉਣ ਦੀ ਬਜਾਏ ਬਹੁਤਾ ਆਪ ਹੀ ਛਕ ਜਾਂਦੇ ਸਨ। ਅਕਬਰ ਨੇ ਲਗਾਨ ਸਿਸਟਮ ਵਿੱਚ ਅਨੇਕਾਂ ਸੁਧਾਰ ਕੀਤੇ ਜਿਸ ਕਾਰਨ ਇਹ ਧਾਂਦਲੀ ਕਾਫੀ ਹੱਦ ਤੱਕ ਰੁਕ ਗਈ। ਉਸ ਦੇ ਪ੍ਰਸਿੱਧ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਨੇ ਸਾਰੇ ਰਾਜ ਵਿੱਚ ਜ਼ਮੀਨ ਦੀ ਮਿਣਤੀ ਕਰਵਾਈ ਤੇ ਵਾਹੀਯੋਗ ਜ਼ਮੀਨ ਦੀ ਕਿਸਮ ਮੁਤਾਬਕ ਲਗਾਨ ਨਿਸ਼ਚਿਤ ਕਰ ਦਿੱਤਾ। ਅਕਬਰ ਵੱਲੋਂ ਸਿੱਧਾ ਮਾਮਲਾ ਉਗਰਾਹੁਣ ਤੋਂ ਜ਼ਿਮੀਦਾਰ ਭੜਕ ਗਏ ਕਿਉਂਕਿ ਮਾਮਲਾ ਉਗਰਾਹੁਣਾ ਉਹ ਆਪਣਾ ਖਾਨਦਾਨੀ ਹੱਕ ਸਮਝਦੇ ਸਨ। ਉਹਨਾਂ ਨੇ ਇਸ ਕਾਰਵਾਈ ਨੂੰ ਆਪਣੇ ਅਧਿਕਾਰਾਂ ਵਿੱਚ ਬੇਵਜ੍ਹਾ ਦਖਲ ਸਮਝ ਕੇ ਬਗਾਵਤਾਂ ਕਰ ਦਿੱਤੀਆਂ। ਬਾਰਾਂ ਵਿੱਚ ਰਹਿਣ ਵਾਲੇ ਲੋਕ ਮੁੱਢ ਕਦੀਮ ਤੋਂ ਹੀ ਬਾਗੀ ਸੁਭਾਅ ਵਾਲੇ ਸਨ। ਮਹਿਮੂਦ ਗਜ਼ਨਵੀ ਅਤੇ ਬਾਬਰ ਨੂੰ ਵੀ ਇਸ ਇਲਾਕੇ ਵਿੱਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਲੜਨ ਭਿੜਨ ਤੇ ਲੁੱਟ ਮਾਰ ਦੇ ਸ਼ੌਕੀਨ ਇਹ ਲੋਕ ਸਰਕਾਰੀ ਹਕੂਮਤ ਨੂੰ ਨਹੀਂ ਮੰਨਦੇ ਸਨ ਤੇ ਆਪਣੇ ਇਲਾਕੇ 'ਚੋਂ ਲੰਘਣ ਵਾਲੇ ਕਾਫਲਿਆਂ ਤੇ ਸਰਕਾਰੀ ਖਜ਼ਾਨੇ ਨੂੰ ਆਮ ਹੀ ਲੁੱਟ ਲੈਂਦੇ ਸਨ। ਬਾਕੀ ਜ਼ਿਮੀਦਾਰਾਂ ਵਾਂਗ ਫਰੀਦ ਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ। ਪਰ ਮੁਗਲਾਂ ਫੌਜਾਂ ਨੇ ਜਲਦੀ ਹੀ ਬਗਾਵਤਾਂ ਕੁਚਲ ਦਿੱਤੀਆਂ। ਫਰੀਦ ਖਾਨ ਤੇ ਉਸ ਦੇ ਬਜ਼ੁਰਗ ਬਾਪ ਸਾਂਦਲ ਖਾਨ ਭੱਟੀ ਨੂੰ ਗ੍ਰਿਫਤਾਰ ਕਰ ਕੇ ਫਾਂਸੀ 'ਤੇ ਲਟਕਾ ਦਿੱਤਾ ਤੇ ਉਹਨਾਂ ਦੀਆਂ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਕਹਿੰਦੇ ਹਨ ਕਿ ਬਾਗੀਆਂ ਦੇ ਦਿਲ ਵਿੱਚ ਭੈਅ ਪੈਦਾ ਕਰਨ ਲਈ ਫਰੀਦ ਖਾਨ, ਸਾਂਦਲ ਖਾਨ ਅਤੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਸ਼ਾਹੀ ਕਿਲਾ ਲਾਹੌਰ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ।

ਫਰੀਦ ਖਾਨ ਦੀ ਮੌਤ ਸਮੇਂ ਲੱਧੀ ਗਰਭਵਤੀ ਸੀ। ਦੁੱਲੇ ਦਾ ਜਨਮ ਫਰੀਦ ਖਾਨ ਦੇ ਮਰਨ ਤੋਂ ਚਾਰ ਮਹੀਨੇ ਬਾਅਦ ਵਿੱਚ ਹੋਇਆ ਸੀ। ਉਸ ਨੂੰ ਛੋਟੇ ਹੁੰਦੇ ਇਹ ਪਤਾ ਨਹੀਂ ਸੀ ਕਿ ਉਸ ਦੇ ਬਾਪ-ਦਾਦੇ ਨਾਲ ਕੀ ਵਾਪਰਿਆ ਹੈ। ਉਸ ਦੇ ਬਾਲ ਮਨ ਨੂੰ ਦੁੱਖਾਂ ਤੋਂ ਬਚਾਉਣ ਲਈ ਲੱਧੀ ਨੇ ਉਸ ਤੋਂ ਇਸ

ਦੁਖਾਂਤ ਬਾਰੇ ਉਹਲਾ ਹੀ ਰੱਖਿਆ। ਉਸ ਦਾ ਬਚਪਨ ਵੀ ਆਮ ਬੱਚਿਆਂ ਵਾਂਗ ਮਸੀਤ ਵਿੱਚ ਪੜ੍ਹ ਕੇ ਤੇ ਖੇਡ ਕੁੱਦ ਕੇ ਬੀਤਿਆ। ਪਰ ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ। ਪੜ੍ਹਨ ਲਿਖਣ ਦੀ ਬਜਾਏ ਉਸ ਦਾ ਝੁਕਾਅ ਖੇਡਣ ਕੁੱਦਣ ਅਤੇ ਹਥਿਆਰਾਂ ਵੱਲ ਜਿਆਦਾ ਸੀ। ਜਦੋਂ ਮੌਲਵੀ ਨੇ ਸਖਤੀ ਕੀਤੀ ਤਾਂ ਉਸ ਨੇ ਪੜ੍ਹਨਾ ਹੀ ਛਡ ਦਿੱਤਾ। ਇੱਕੋ ਇੱਕ ਔਲਾਦ ਹੋਣ ਕਾਰਨ ਲੱਧੀ ਉਸ ਨੂੰ ਜਾਨ ਨਾਲੋਂ ਵੀ ਜਿਆਦਾ ਪਿਆਰ ਕਰਦੀ ਸੀ। ਜਦੋਂ ਉਹ ਪਾਣੀ ਭਰਨ ਜਾਂਦੀਆਂ ਔਰਤਾਂ ਦੇ ਘੜੇ ਗੁਲੇਲਿਆਂ ਨਾਲ ਭੰਨ੍ਹ ਦੇਂਦਾ ਤਾਂ ਲੱਧੀ ਉਸ ਨੂੰ ਡਾਂਟਣ ਦੀ ਬਜਾਏ ਆਪਣੇ ਸਵਰਗਵਾਸੀ ਪਤੀ ਦੀ ਇੱਕੋ ਇੱਕ ਨਿਸ਼ਾਨੀ ਸਮਝ ਕੇ ਉਹਨਾਂ ਨੂੰ ਨਵੇਂ ਘੜੇ ਲੈ ਦੇਂਦੀ।

ਜਵਾਨ ਹੋਣ 'ਤੇ ਜਦੋਂ ਉਸ ਨੂੰ ਲੋਕਾਂ ਕੋਲੋਂ ਆਪਣੇ ਬਾਪ-ਦਾਦੇ ਦੀ ਹੋਣੀ ਬਾਰੇ ਪਤਾ ਲੱਗਾ ਤਾਂ ਉਹ ਭੜਕ ਉੱਠਿਆ। ਉਸ ਦਾ ਖਾਨਦਾਨੀ ਬਾਗੀ ਖੂਨ ਉਬਾਲੇ ਖਾਣ ਲੱਗਾ। ਉਸ ਨੇ ਅਕਬਰ ਅਤੇ ਮੁਗਲ ਰਾਜ ਦੇ ਖਿਲਾਫ ਬਗਾਵਤ ਕਰ ਦਿੱਤੀ। ਸੈਂਕੜੇ ਯੋਧੇ ਉਸ ਦੇ ਝੰਡੇ ਹੇਠ ਆਣ ਇਕੱਠੇ ਹੋਏ। ਉਸ ਨੇ ਹੱਲਾ ਬੋਲ ਕੇ ਮੁਗਲਾਂ ਦੇ ਅਨੇਕਾਂ ਹੰਕਾਰੀ ਅਹਿਲਕਾਰਾਂ ਨੂੰ ਕਤਲ ਕਰ ਦਿੱਤਾ। ਸਰਕਾਰੀ ਮਾਲ ਧੰਨ ਅਤੇ ਜਨਤਾ ਦਾ ਖੂਨ ਚੂਸਣ ਵਾਲੇ ਸ਼ਾਹੂਕਾਰਾਂ ਨੂੰ ਲੁੱਟ ਕੇ ਪੈਸਾ ਲੋਕਾਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ। ਉਸ ਨੇ ਅਨੇਕ ਗਰੀਬ ਘਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ। ਉਸ ਦੀ ਦਰਿਆ ਦਿਲੀ ਵੇਖ ਕੇ ਹੋਰ ਹਜ਼ਾਰਾਂ ਲੋਕ ਉਸ ਨਾਲ ਜੁੜ ਗਏ। ਇੱਕ ਵਾਰ ਤਾਂ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿੱਚੋਂ ਇੱਕ ਤਰਾਂ ਨਾਲ ਅਜ਼ਾਦ ਹੋ ਗਿਆ।

ਉਸ ਦੇ ਕਈ ਡਾਕੇ ਬਹੁਤ ਪ੍ਰਸਿੱਧ ਹੋਏ ਹਨ। ਬਹੁਤ ਮਸ਼ਹੂਰ ਕਹਾਣੀ ਹੈ ਕਿ ਇੱਕ ਦਲੇਰਾਨਾ ਕਾਰਵਾਈ ਕਰ ਕੇ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ ਬੇਗਮ ਦਾ ਕਾਫਲਾ ਲੁੱਟ ਕੇ ਬੇਗਮ ਨੂੰ ਬੰਦੀ ਬਣਾ ਲਿਆ ਸੀ। ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਤੋਂ ਇਲਾਵਾ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਅਣਮੁੱਲੇ ਤੋਹਫੇ ਲੁੱਟ ਕੇ ਉਸ

ਨੇ ਮੁਗਲ ਦਰਬਾਰ ਵਿੱਚ ਤਰਥੱਲੀ ਮਚਾ ਦਿੱਤੀ। ਲੁੱਟਿਆ ਹੋਇਆ ਮਾਲ ਗਰੀਬਾਂ ਵਿੱਚ ਵੰਡ ਦੇਣ ਕਾਰਨ ਲੋਕ ਉਸ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਨ ਲੱਗੇ। ਉਸ ਕੱਟੜਤਾ ਵਾਲੇ ਯੁੱਗ ਵਿੱਚ ਵੀ ਉਹ ਧਾਰਮਿਕ ਤੌਰ 'ਤੇ ਸ਼ਹਿਣਸ਼ੀਲ ਸੀ। ਇਲਾਕੇ ਦੇ ਹਿੰਦੂਆਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਇਸੇ ਕਾਰਨ ਉਹ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਨਾਇਕ ਹੈ। ਉਸ ਨੇ ਸੁੰਦਰੀ ਮੁੰਦਰੀ ਨਾਮਕ ਦੋ ਹਿੰਦੂ ਭੈਣਾਂ ਨੂੰ ਇੱਕ ਪਾਪੀ ਜਾਗੀਰਦਾਰ ਦੇ ਪੰਜੇ ਵਿੱਚੋਂ ਬਚਾ ਕੇ ਉਹਨਾਂ ਦਾ ਵਿਆਹ ਕਰਵਾਇਆ ਤੇ ਬਾਪ ਬਣ ਕੇ ਸਾਰਾ ਦਹੇਜ਼ ਖੁਦ ਦਿੱਤਾ। ਉਸ ਜਾਗੀਰਦਾਰ ਨੂੰ ਸ਼ਰੇਆਮ ਸੂਲੀ 'ਤੇ ਟੰਗ ਕੇ ਮਾਰਿਆ ਗਿਆ। ਉਸ ਦੇ ਇਸ ਕਾਰਨਾਮੇ ਨੇ ਉਸ ਨੂੰ ਹਮੇਸ਼ਾਂ ਲਈ ਅਮਰ ਕਰ ਦਿੱਤਾ। ਅੱਜ ਤੱਕ ਹਰੇਕ ਸਾਲ ਲੋਕ ਲੋਹੜੀ ਦੇ ਤਿਉਹਾਰ ਸਮੇਂ "ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ।" ਗਾ ਕੇ ਉਸ ਨੂੰ ਯਾਦ ਕਰਦੇ ਹਨ।

ਲੋਕ ਦੁੱਲੇ ਦੀ ਰੱਬ ਵਾਂਗ ਪੂਜਾ ਕਰਨ ਲੱਗੇ। ਉਸ ਦੀਆਂ ਬਾਗੀ ਕਾਰਵਾਈਆਂ ਨੇ ਅਕਬਰ ਦੀ ਨੀਂਦ ਹਰਾਮ ਕਰ ਦਿੱਤੀ। ਉਸ ਨੂੰ ਫਿਕਰ ਪੈ ਗਿਆ ਕਿ ਜੇ ਇਸ ਮੁਸੀਬਤ ਨੂੰ ਹੁਣੇ ਨਾ ਦਬਾਇਆ ਗਿਆ ਤਾਂ ਬਗਾਵਤ ਹੋਰ ਇਲਾਕਿਆਂ ਤੱਕ ਵੀ ਫੈਲ ਸਕਦੀ ਹੈ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਨਲਾਇਕ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ। ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ 'ਤੇ ਦੁਖੀ ਹੋ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ, ਮਿਰਜ਼ਾ ਅਲਾਉਦੀਨ ਬਰੇਲਵੀ ਅਤੇ ਮਿਰਜ਼ਾ ਜ਼ਿਆਉਦੀਨ ਖਾਨ 15000 ਸੈਨਿਕ ਦੇ ਕੇ ਲਾਹੌਰ ਵੱਲ ਤੋਰ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬਹੁਤ ਕਰੜੇ ਹੁਕਮ ਭੇਜੇ ਗਏ ਕਿ ਜੇ ਬਗਾਵਤ ਨਾ ਦਬਾਈ ਤਾਂ ਬਾਗੀਆਂ ਦੀ ਥਾਂ 'ਤੇ ਤੇਰਾ ਸਿਰ ਵੱਢ ਕੇ ਸ਼ਾਹੀ ਕਿਲ੍ਹੇ ਦੇ ਦਰਵਾਜ਼ੇ 'ਤੇ ਟੰਗ ਦਿੱਤਾ ਜਾਵੇਗਾ। ਦਿੱਲੀ ਤੋਂ ਆਏ ਜਰਨੈਲਾਂ ਦੀ ਕਮਾਂਡ ਹੇਠ ਲਾਹੌਰ ਅਤੇ ਦਿੱਲੀ ਦੀ ਰਲੀ ਮਿਲੀ ਫੌਜ ਦੁੱਲੇ ਦੇ ਪਿੱਛੇ ਹੱਥ ਧੋ ਕੇ ਪੈ ਗਈ। ਦੁੱਲੇ ਦਾ ਘਰ ਘਾਟ ਤਬਾਹ ਕਰ ਦਿੱਤਾ ਗਿਆ।

ਲੱਧੀ ਸਮੇਤ ਭੱਟੀਆਂ ਦੀਆਂ ਸਾਰੀਆਂ ਔਰਤਾਂ ਬੰਦੀ ਬਣਾ ਲਈਆਂ ਗਈਆਂ। ਕਈ ਮਹੀਨੇ ਝੜਪਾਂ ਚਲਦੀਆਂ ਰਹੀਆਂ। ਦੁੱਲੇ ਅਤੇ ਸਾਥੀਆਂ ਨੇ ਛਾਪਮਾਰ ਯੁੱਧ ਨਾਲ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ। ਪਰ ਦੁੱਲੇ ਦੀ ਚੜ੍ਹਤ ਉਸ ਦੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਘਰ ਦਾ ਭੇਤੀ ਮੁਗਲਾਂ ਦਾ ਮੁਖਬਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗਾ। ਜਦੋਂ ਮੁਗਲ ਦੁੱਲੇ ਨੂੰ ਬਲ ਨਾਲ ਨਾ ਹਰਾ ਸਕੇ ਤਾਂ ਉਹਨਾਂ ਨੇ ਛਲ ਦਾ ਸਹਾਰਾ ਲਿਆ। ਕੁਝ ਵਿਚੋਲੇ ਪਾ ਕੇ ਸੁਲ੍ਹਾ ਦੀ ਗੱਲ ਚਲਾਈ ਤੇ ਮੁਲਾਕਾਤ ਦਾ ਸਥਾਨ ਮਿੱਥ ਲਿਆ ਗਿਆ। ਅਖੀਰ ਜਦੋਂ ਦੁੱਲਾ ਗੱਲ ਬਾਤ ਲਈ ਆਇਆ ਤਾਂ ਉਸ ਨੂੰ ਖਾਣੇ ਵਿੱਚ ਨਸ਼ਾ ਮਿਲਾ ਕੇ ਬੇਹੋਸ਼ ਕਰ ਕੇ ਕਈ ਸਾਥੀਆਂ ਸਮੇਤ ਲਾਹੌਰ ਕਿਲ੍ਹੇ ਦੀਆਂ ਹਨੇਰੀਆਂ ਕਾਲ ਕੋਠੜੀਆਂ ਵਿੱਚ ਬੰਦ ਕਰ ਦਿੱਤਾ। ਆਖਰ ਸੰਨ 1599 ਈ. ਵਿੱਚ 30 ਸਾਲ ਦੀ ਭਰ ਜਵਾਨੀ ਵਿੱਚ ਦੁੱਲੇ ਨੂੰ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਕੇ ਸਰੀਰਕ ਤੌਰ 'ਤੇ ਖਤਮ ਕਰ ਦਿੱਤਾ ਗਿਆ। ਕਹਿੰਦੇ ਹਨ ਕਿ ਉਸ ਦੀਆਂ ਆਖਰੀ ਰਸਮਾਂ ਮਹਾਨ ਸੂਫੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ। ਉਸ ਨੇ ਹਕੂਮਤ 'ਤੇ ਆਪਣਾ ਰੂਹਾਨੀ ਪ੍ਰਭਾਵ ਵਰਤ ਕੇ ਦੁੱਲੇ ਦੀ ਦੇਹ ਦੀ ਬੇਇੱਜ਼ਤੀ ਨਾ ਹੋਣ ਦਿੱਤੀ ਤੇ ਪੂਰੇ ਧਾਰਮਿਕ ਰੀਤੀ ਰਿਵਾਜ਼ਾਂ ਨਾਲ ਉਸ ਨੂੰ ਸਪੁਰਦੇ ਖਾਕ ਕਰ ਦਿੱਤਾ। ਉਸ ਦੀ ਕਬਰ ਲਾਹੌਰ ਮਿਆਣੀ ਸਾਹਿਬ ਕਬਰਸਤਾਨ ਵਿੱਚ ਬਣੀ ਹੋਈ ਹੈ।

ਲੱਧੀ ਦੁੱਲੇ ਦੀ ਮੌਤ ਤੋਂ ਕਈ ਸਾਲ ਬਾਅਦ ਤੱਕ ਜਿਊਂਦੀ ਰਹੀ। ਦੁੱਲਾ ਵਿਆਹਿਆ ਹੋਇਆ ਨਹੀਂ ਸੀ, ਇਸ ਲਈ ਉਸ ਦਾ ਵੰਸ਼ ਅੱਗੇ ਨਹੀਂ ਚੱਲ ਸਕਿਆ। ਕਹਿੰਦੇ ਹਨ ਜਦੋਂ ਦੁੱਲੇ ਦੀ ਮੌਤ ਦੀ ਖਬਰ ਅਕਬਰ ਨੂੰ ਸੁਣਾਈ ਗਈ ਤਾਂ ਉਸ ਨੇ ਕੋਈ ਖਾਸ ਖੁਸ਼ੀ ਜ਼ਾਹਰ ਨਾ ਕੀਤੀ। ਉਹ ਚੁੱਪ ਚਾਪ ਖਬਰ ਲਿਆਉਣ ਵਾਲੇ ਏਲਚੀ ਵੱਲ ਵੇਖਦਾ ਰਿਹਾ। ਲੱਗਦਾ ਹੈ ਕਿ ਦੁੱਲੇ ਦੀ ਦਲੇਰੀ ਅਤੇ ਸਖਾਵਤ ਦੀ ਕਹਾਣੀਆਂ ਸੁਣੀਆਂ ਹੋਣ ਕਾਰਨ ਅਕਬਰ ਆਪਣੇ ਇਸ ਦੁਸ਼ਮਣ ਦੀ ਵੀ ਦਿਲੋਂ ਇੱਜ਼ਤ ਕਰਦਾ ਸੀ। ਦੁੱਲੇ ਦੇ ਮਰਨ ਤੋਂ ਬਾਅਦ ਅਕਬਰ ਨੇ ਭੱਟੀਆਂ ਦੇ ਖਿਲਾਫ ਹੋਰ ਕੋਈ ਕਾਰਵਾਈ ਨਹੀਂ ਕੀਤੀ।

ਸ਼ਾਹੂਕਾਰਾਂ ਦਾ ਕਾਲ, ਜਗਤ ਸਿੰਘ ਸਿੱਧੂ ਉਰਫ ਜੱਗਾ ਡਾਕੂ

ਜਦੋਂ ਪੰਜਾਬ ਦਾ ਕੋਈ ਕਲਾਕਾਰ ਰਗਾਂ ਖਿੱਚ ਕੇ ਜੱਗੇ ਦੀ ਵਾਰ ਬੋਲਦਾ ਹੈ,

ਜੱਗੇ ਜੱਟ ਦੇ ਕਬੂਤਰ ਚੀਨੇ, ਨਦੀਉਂ ਪਾਰ ਚੁਗਦੇ।
ਜੱਗੇ ਮਾਰਿਆ ਲਾਇਲਪੁਰ ਡਾਕਾ, ਤਾਰਾਂ ਖੜਕ ਗਈਆਂ।
ਪਤਾ ਹੁੰਦਾ ਜੇ ਜੱਗੇ ਨੇ ਮਰ ਜਾਣਾ, ਇੱਕ ਦੇ ਮੈਂ ਦੋ ਜੰਮਦੀ।
ਜੱਗਿਆ, ਵੇ ਸੁੱਤੀ ਪਈ ਮਾਂ ਦੇ ਕਲੇਜੇ ਛੁਰਾ ਵੱਜਿਆ।

ਤਾਂ ਅੱਜ ਵੀ ਗੱਭਰੂਆਂ ਦੇ ਜੁੱਸੇ ਵਿੱਚ ਜੋਸ਼ ਭਰ ਜਾਂਦਾ ਹੈ ਤੇ ਡੌਲੇ ਫਰਕਣ ਲੱਗ ਜਾਂਦੇ ਹਨ। ਪੰਜਾਬ ਦਾ ਮਰਹੂਮ ਲੋਕ ਗਾਇਕ ਜਗਤ ਸਿੰਘ ਜੱਗਾ ਬੜੀ ਰੂਹ ਨਾਲ ਜੱਗੇ ਦੀ ਵਾਰ ਗਾਉਂਦਾ ਹੁੰਦਾ ਸੀ। ਉਸ ਦੀ ਖੜ੍ਹੀ ਅੱਖ ਮੁੱਛ ਦੇਖ ਕੇ ਬਹੁਤੇ ਉਸੇ ਨੂੰ ਹੀ ਜੱਗਾ ਡਾਕੂ ਸਮਝਦੇ ਰਹੇ। ਮੇਰੀ ਮਲੋਟ ਪੋਸਟਿੰਗ ਵੇਲੇ ਲੋਕਾਂ ਅਤੇ ਅਖਬਾਰਾਂ ਤੋਂ ਪਤਾ ਚੱਲਿਆ ਕਿ ਪੰਜਾਬ ਦੇ ਲੋਕ ਨਾਇਕ ਜੱਗੇ ਡਾਕੂ ਦੀ ਬੇਟੀ ਰੇਸ਼ਮ ਕੌਰ ਥਾਣੇ ਲੰਬੀ ਦੇ ਪਿੰਡ ਵਣਵਾਲਾ ਅਨੂਕਾ ਵਿੱਚ ਵੱਸਦੀ ਹੈ। ਜਿਉਂਦੇ ਜਾਗਦੇ ਜੱਗੇ ਨੂੰ ਵੇਖਣ ਵਾਲੀ ਉਸ ਦੀ ਧੀ ਨੂੰ ਮਿਲਣ ਦੀ ਕੁਦਰਤੀ ਖਿੱਚ ਕਾਰਨ ਮੈਂ ਇੱਕ ਦਿਨ ਉਸ ਦੇ ਪਿੰਡ ਪਹੁੰਚ ਗਿਆ। ਜੱਗੇ ਦੀ ਧੀ ਦਾ ਪੇਕਿਆਂ ਦਾ ਨਾਮ ਗੁਲਾਬ ਕੌਰ ਅਤੇ ਸਹੁਰਿਆਂ ਦਾ ਨਾਂ ਰੇਸ਼ਮ ਕੌਰ ਹੈ। 94-95 ਸਾਲ ਦੀ ਰੇਸ਼ਮ ਕੌਰ (ਹੁਣ ਇਸ ਦੀ 3 ਜਨਵਰੀ 2018 ਨੂੰ ਕਰੀਬ 100 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ।) ਮਾਨਸਿਕ ਤੇ ਸਰੀਰਕ ਪੱਖੋਂ ਪੂਰੀ ਚੇਤੰਨ ਹੈ, ਬੱਸ ਥੋੜ੍ਹਾ ਉੱਚਾ ਸੁਣਦੀ ਹੈ। ਉਹ ਸਿਰਫ ਨੌਂ ਸਾਲ ਦੀ ਸੀ ਜਦੋਂ ਜੱਗਾ ਆਪਣੇ ਹੀ ਸਾਥੀ ਲਾਲੂ ਨਾਈ ਦੀ ਗੱਦਾਰੀ ਕਾਰਨ ਮਾਰਿਆ ਗਿਆ। ਆਪਣੇ ਬਾਪ ਬਾਰੇ ਉਸ ਨੂੰ ਇਸ ਤਰਾਂ ਗਿਆਨ ਅਤੇ ਮਾਣ ਹੈ, ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ।

ਸਿੱਧੂ ਗੋਤ ਦੇ ਜੱਗੇ ਦਾ ਜਨਮ 1901-02 ਦੇ ਲਾਗੇ ਚਾਗੇ ਪਿੰਡ

ਬੁਰਜ ਰਣ ਸਿੰਘ ਵਾਲਾ, ਤਹਿਸੀਲ ਚੂਨੀਆਂ, ਜਿਲ੍ਹਾ ਲਾਹੌਰ ਵਿੱਚ ਹੋਇਆ ਸੀ। ਉਹ ਮੱਖਣ ਸਿੰਘ ਸਿੱਧੂ ਤੇ ਭਾਗ ਕੌਰ ਦਾ ਇੱਕਲੌਤਾ ਪੁੱਤਰ ਸੀ। ਜੱਗਾ ਅਜੇ 2-3 ਸਾਲ ਦਾ ਸੀ ਜਦੋਂ ਮੱਖਣ ਸਿੰਘ ਦੀ ਮੌਤ ਹੋ ਗਈ ਪਰ ਭਾਗ ਕੌਰ ਨੇ ਲੰਬੀ ਉਮਰ ਭੋਗੀ। ਉਸ ਦੀ ਮੌਤ ਆਜ਼ਾਦੀ ਤੋਂ ਕਈ ਸਾਲ ਬਾਅਦ ਭਾਰਤ ਆਣ ਕੇ ਹੋਈ।। ਸਮੇਂ ਦੇ ਰਿਵਾਜ਼ ਮੁਤਾਬਕ ਜੱਗੇ ਦਾ ਵਿਆਹ 16-17 ਸਾਲ ਦੀ ਛੋਟੀ ਉਮਰ ਵਿੱਚ ਪਿੰਡ ਤਲਵੰਡੀ, ਜਿਲ੍ਹਾ ਲਾਹੌਰ ਦੀ ਇੰਦਰ ਕੌਰ ਨਾਲ ਹੋ ਗਿਆ। ਜੱਗੇ ਦੇ ਜਨਮ ਤੋਂ ਪਹਿਲਾਂ ਭਾਗ ਕੌਰ ਦੀ ਕੁੱਖੋਂ ਛੇ ਪੁੱਤਰ ਪੈਦਾ ਹੋਏ ਜੋ ਬਚਪਨ ਵਿੱਚ ਹੀ ਮਰ ਜਾਂਦੇ ਰਹੇ। ਜੱਗੇ ਨੂੰ ਉਸ ਦੇ ਮਾਪਿਆਂ ਨੇ ਜਗ੍ਹਾ ਜਗ੍ਹਾ ਧਾਰਮਿਕ ਸਥਾਨਾਂ 'ਤੇ ਮੱਥੇ ਰਗੜ ਰਗੜ ਕੇ ਰੱਬ ਤੋਂ ਪ੍ਰਾਪਤ ਕੀਤਾ ਸੀ। ਉਸ ਦੀਆਂ ਦੋ ਵੱਡੀਆਂ ਭੈਣਾਂ ਵੀ ਸਨ। ਸੁੱਖਾਂ ਲੱਧਾ ਪੁੱਤਰ ਹੋਣ ਕਾਰਨ ਮਿਲੇ ਅਥਾਹ ਲਾਡ ਪਿਆਰ ਅਤੇ ਬਚਪਨ ਵਿੱਚ ਹੋਈ ਪਿਉ ਦੀ ਮੌਤ ਨੇ ਜੱਗੇ ਨੂੰ ਵਿਗਾੜ ਦਿੱਤਾ। ਅੱਸੀ ਕਿਲਿਆਂ ਦੇ ਮਾਲਕ ਜੱਗੇ ਦੇ ਡਾਕੂ ਬਣਨ ਪਿੱਛੇ ਕੋਈ ਆਰਥਿਕ ਮਜ਼ਬੂਰੀ ਨਹੀਂ ਸੀ। ਅਸਲ ਜੱਗਾ ਬਚਪਨ ਤੋਂ ਹੀ ਅਲੱਥ ਅਤੇ ਬੈੜੇ ਸੁਭਾਅ ਦਾ ਸੀ। ਇੱਕ ਵਾਰ ਉਹ ਸਾਥੀਆਂ ਸਮੇਤ ਆਪਣੇ ਚਾਚੇ ਦੇ ਖੇਤ ਗੰਨੇ ਭੰਨਣ ਜਾ ਵੜਿਆ। ਮੁੰਡਿਆਂ ਦੀ ਹੇੜ ਨੂੰ ਖੇਤ ਉਜਾੜਦੇ ਵੇਖ ਕੇ ਚਾਚੇ ਨੇ ਉਸ ਨੂੰ ਫੈਂਟ ਦਿੱਤਾ। ਗੁੱਸੇ ਵਿੱਚ ਆ ਕੇ ਉਸ ਨੇ ਘਰੋਂ ਕੁਹਾੜੀ ਲਿਆ ਕੇ ਚਾਚੇ ਦੇ ਖੂਹ ਦੀਆਂ ਸਾਰੀਆਂ ਮਿੱਟੀ ਦੀਆਂ ਟਿੰਡਾਂ ਭੰਨ ਦਿੱਤੀਆਂ ਤੇ ਰੱਸੀਆਂ ਵੱਢ ਕੇ ਮਾਹਲ ਖੂਹ ਵਿੱਚ ਸੁੱਟ ਦਿੱਤੀ। ਛੋਟੀ ਉਮਰ ਵਿੱਚ ਹੋਇਆ ਵਿਆਹ ਵੀ ਉਸ ਦੇ ਅੱਥਰੇ ਸੁਭਾਅ ਨੂੰ ਨਾ ਬਦਲ ਸਕਿਆ।

ਰੇਸ਼ਮ ਕੌਰ ਜੱਗੇ ਦੀ ਇਕਲੌਤੀ ਔਲਾਦ ਹੈ। ਉਸ ਦਾ ਜਨਮ ਜੱਗੇ ਦੇ ਵਿਆਹ ਤੋਂ 3-4 ਸਾਲ ਬਾਅਦ ਹੋਇਆ ਸੀ। ਜੱਗੇ ਦੀ ਪਿੰਡ ਕਾਵੇਂ ਦੇ ਕੇਹਰ ਸਿੰਘ ਸੰਧੂ ਨਾਲ ਬੜੀ ਗੂੜ੍ਹੀ ਯਾਰੀ ਸੀ। ਇਸ ਯਾਰੀ ਨੂੰ ਰਿਸ਼ਤੇਦਾਰੀ ਵਿੱਚ ਬਦਲਣ ਲਈ ਉਸ ਨੇ ਆਪਣੀ ਧੀ ਦਾ ਸਾਕ ਕੇਹਰ ਸਿੰਘ ਦੇ ਭਤੀਜੇ ਅਵਤਾਰ ਸਿੰਘ ਸੰਧੂ ਨੂੰ ਕਰ ਦਿੱਤਾ। ਉਸ ਵੇਲੇ ਰੇਸ਼ਮ ਕੌਰ ਦੀ ਉਮਰ ਸਿਰਫ ਪੰਜ-ਛੇ ਸਾਲ ਸੀ, ਇਸ ਕਾਰਨ ਰੇਸ਼ਮ ਕੌਰ ਦਾ ਵਿਆਹ ਜੱਗੇ ਦੀ ਮੌਤ ਤੋਂ

3-4 ਸਾਲ ਬਾਅਦ ਹੋਇਆ। ਹੁਣ ਉਸ ਦਾ ਚਾਰ ਬੇਟੇ, ਦੋ ਬੇਟੀਆਂ, ਦਸ ਪੋਤਰੇ ਤੇ ਤਿੰਨ ਪੋਤਰੀਆਂ ਵਾਲ ਸੁਖੀ ਵੱਸਦਾ ਭਰਿਆ ਪੂਰਾ ਪਰਿਵਾਰ ਹੈ। ਅਜ਼ਾਦੀ ਤੋਂ ਬਾਅਦ ਪਾਕਿਸਤਾਨ ਵਾਲੀ ਜ਼ਮੀਨ ਵੱਡੇ ਰੇਸ਼ਮ ਕੌਰ ਨੂੰ ਪਿੰਡ ਝੰਡੇ ਕਲਾਂ ਨਜ਼ਦੀਕ ਸਰਦੂਲਗੜ੍ਹ (ਜਿਲ੍ਹਾ ਮਾਨਸਾ) ਵਿੱਚ 45 ਕਿੱਲੇ ਜ਼ਮੀਨ ਅਲਾਟ ਹੋਈ ਸੀ ਜੋ ਉਸ ਦੇ ਸਹੁਰੇ ਪਰਿਵਾਰ ਨੇ ਵੇਚ ਕੇ ਵਣਵਾਲੇ ਲੈ ਲਈ।

ਰੇਸ਼ਮ ਕੌਰ ਦੇ ਦੱਸਣ ਮੁਤਾਬਕ ਜੱਗੇ ਦਾ ਕੱਦ ਪੰਜ ਫੁੱਟ ਅੱਠ-ਨੌਂ ਇੰਚ ਸੀ। ਜਵਾਨੀ ਵਿੱਚ ਭਲਵਾਨੀ ਕਰਦਾ ਰਿਹਾ ਹੋਣ ਕਰ ਕੇ ਬੇਹੱਦ ਮਜ਼ਬੂਤ ਤੇ ਫੁਰਤੀਲਾ ਪਰ ਚਿੱਟਾ ਅਨਪੜ੍ਹ ਸੀ। ਮੁੱਛਾਂ ਕੁੰਢੀਆਂ, ਕੇਸ ਰੱਖੇ ਹੋਏ, ਦਾੜ੍ਹੀ ਕਤਰਾਵੀਂ, ਧੂਹਵੀਂ ਚਾਦਰ ਤੇ ਲਾਹੌਰੀਆਂ ਵਾਲੀ ਪਿੱਛੋਂ ਚੁੱਕ ਕੇ ਸ਼ਮਲੇ ਵਾਲੀ ਪੱਗ ਬੰਨ੍ਹਦਾ ਸੀ। ਅੱਥਰੇ ਸੁਭਾਅ ਕਾਰਨ ਉਡਾਰ ਹੁੰਦੇ ਸਾਰ ਹੀ ਵੈਲੀਆਂ ਨਾਲ ਉੱਠਣ ਬੈਠਣ ਲੱਗ ਪਿਆ। ਚੰਗੀ ਜ਼ਮੀਨ ਜਾਇਦਾਦ ਵਾਲੇ ਦਲੇਰ ਜਵਾਨ ਨੂੰ ਬਦਮਾਸ਼ ਵੈਸੇ ਹੀ ਜਲਦੀ ਖਿੱਚ ਲੈਂਦੇ ਹਨ। ਇਸ ਕਾਰਨ ਇੱਕ ਤਾਂ ਲੁਕਣ ਛਿਪਣ ਲਈ ਟਿਕਾਣਾ ਮਿਲ ਜਾਂਦਾ ਹੈ ਤੇ ਵੇਲੇ ਕੁਵੇਲੇ ਥੋੜ੍ਹੀਆਂ ਬਹੁਤੀਆਂ ਆਰਥਿਕ ਜਰੂਰਤਾਂ ਵੀ ਪੂਰੀਆਂ ਹੋ ਜਾਂਦੀਆਂ ਹਨ। ਰੇਸ਼ਮ ਕੌਰ ਦੇ ਮੁਤਾਬਕ ਜੱਗੇ ਦੇ ਭਗੌੜਾ ਹੋਣ ਦਾ ਕਾਰਨ ਇਹ ਹੈ ਕਿ ਨਨਕਾਣਾ ਸਾਹਿਬ ਦੇ ਸਾਕੇ ਵੇਲੇ ਉਹ ਉਥੇ ਹਾਜ਼ਰ ਸੀ। ਜਦੋਂ ਸਾਕੇ ਤੋਂ ਬਾਅਦ ਪੁਲਿਸ ਨੇ ਲੋਕਾਂ ਦੀ ਧਰ ਪਕੜ ਸ਼ੁਰੂ ਕੀਤੀ ਤਾਂ ਇੱਕ ਜਵਾਨ ਲੜਕੀ ਨੂੰ ਵੀ ਪੁਲਿਸ ਨੇ ਗੱਡੀ ਵਿੱਚ ਸੁੱਟ ਲਿਆ। ਉਸ ਲੜਕੀ ਨੂੰ ਛੁਡਵਾਉਣ ਲਈ ਜੱਗਾ ਪੁਲਿਸ ਨਾਲ ਭਿੜ ਗਿਆ ਤੇ ਮਾਰ ਕੁੱਟ ਹੋਣ ਤੋਂ ਬਾਅਦ ਡਰ ਦਾ ਮਾਰਾ ਭਗੌੜਾ ਹੋ ਗਿਆ। ਪਰ ਇਹ ਗੱਲ ਸਹੀ ਨਹੀਂ ਲੱਗਦੀ। ਨਨਕਾਣਾ ਸਾਹਿਬ ਦਾ ਸਾਕਾ ਫਰਵਰੀ 1921 ਵਿੱਚ ਹੋਇਆ ਸੀ। ਉਸ ਵੇਲੇ ਜੱਗੇ ਦੀ ਉਮਰ 20 ਸਾਲ ਦੇ ਕਰੀਬ ਹੋਵੇਗੀ ਤੇ ਨਨਕਾਣਾ ਸਾਹਿਬ ਲਾਹੌਰ ਤੋਂ ਕਾਫੀ ਦੂਰ ਪੈਂਦਾ ਹੈ। ਜੱਗਾ ਸਿਰਫ 3-4 ਮਹੀਨੇ ਭਗੌੜਾ ਰਿਹਾ ਤੇ 29 ਸਾਲ ਦੀ ਉਮਰ ਵਿੱਚ ਹੀ ਮਾਰਿਆ ਗਿਆ। ਜੇ ਰੇਸ਼ਮ ਕੌਰ ਦੀ ਗੱਲ ਮੰਨੀ ਜਾਵੇ ਤਾਂ ਉਹ ਨੌਂ ਸਾਲ ਭਗੌੜਾ ਰਿਹਾ, ਜੋ ਸੰਭਵ ਨਹੀਂ। ਵੈਸੇ ਵੀ ਉਸ ਨੇ ਜਿਆਦਾ ਵਾਰਦਾਤਾਂ ਲਾਹੌਰ ਜਿਲ੍ਹੇ ਦੇ ਆਸ

ਪਾਸ ਹੀ ਕੀਤੀਆਂ ਸਨ।

ਜੱਗੇ ਦੇ ਪਿੰਡ ਵਿੱਚ ਬਹੁ ਗਿਣਤੀ ਮੁਸਲਮਾਨ ਤੇਲੀਆਂ ਦੀ ਸੀ ਤੇ ਸਿੱਧੂ ਜੱਟਾਂ ਦੇ 15-16 ਘਰ ਹੀ ਸਨ। ਤੇਜ਼ ਤਬੀਅਤ ਦਾ ਹੋਣ ਕਾਰਨ ਜੱਗਾ ਕਿਸੇ ਦੀ ਉੱਚੀ ਨੀਵੀਂ ਗੱਲ ਬਰਦਾਸ਼ਤ ਨਹੀਂ ਸੀ ਕਰਦਾ। ਜੱਗੇ ਦਾ ਸਭ ਤੋਂ ਪਹਿਲਾ ਪੰਗਾ ਇਲਾਕੇ ਦੇ ਪਟਵਾਰੀ ਰੱਬ ਨਿਵਾਜ਼ ਨਾਲ ਪਿਆ। ਪਟਵਾਰੀ ਤਾਂ ਅੱਜ ਕਲ੍ਹ ਨਹੀਂ ਮਾਣ, ਉਸ ਸਮੇਂ ਅਨਪੜ੍ਹ ਜੱਟਾਂ ਲਈ ਤਾਂ ਰੱਬ ਤੋਂ ਘੱਟ ਨਹੀਂ ਸਨ। ਜ਼ਮੀਨ ਸਬੰਧੀ ਕੋਈ ਕਾਗਜ਼ ਮੰਗਣ 'ਤੇ ਜਦੋਂ ਪਟਵਾਰੀ ਪੁੱਠਾ ਬੋਲਿਆ ਤਾਂ ਜੱਗੇ ਨੇ ਉਸ ਦੀ ਸ਼ਰੇਆਮ ਛਿਤਰੌਲ ਕਰ ਦਿੱਤੀ। ਫਿਰ ਉਸ ਨੇ ਜੌੜੇ ਪੁਲਾਂ 'ਤੇ ਤਲਵੰਡੀ ਪਿੰਡ ਦੇ ਤਾਕਤ ਦੇ ਨਸ਼ੇ ਕਾਰਨ ਆਫਰੇ ਹੋਏ ਨੱਕਈ ਸਰਦਾਰ ਕੁੱਟੇ, "ਜੌੜੇ ਪੁਲਾਂ 'ਤੇ ਲੜਾਈਆਂ ਹੋਈਆਂ, ਛਵੀਆਂ ਦੇ ਘੁੰਡ ਮੁੜ ਗਏ।" ਜਿਹਨਾਂ ਕਦੇ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੱਤੀ, ਅਜਿਹੇ ਵਿਗੜੇ ਹੋਏ ਸਿਰ ਕੱਢ ਬੰਦੇ ਕੁੱਟਣ ਕਾਰਨ ਉਸ ਦੀ ਸਾਰੇ ਪਾਸੇ ਬੱਲੇ ਬੱਲੇ ਹੋ ਗਈ। ਇਸ ਤੋਂ ਬਾਅਦ ਉਸ ਦਾ ਪੰਗਾ ਇਲਾਕੇ ਦੇ ਜ਼ੈਲਦਾਰ ਹੀਰਾ ਸਿੰਘ ਚੱਠੇ ਨਾਲ ਪੈ ਗਿਆ। ਜ਼ੈਲਦਾਰ ਨੇ ਸਿੱਧੀ ਟੱਕਰ ਲੈਣ ਦੀ ਬਜ਼ਾਏ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨੀ ਠੀਕ ਸਮਝੀ। ਉਸ ਨੇ ਆਪਣਾ ਪ੍ਰਭਾਵ ਵਰਤ ਕੇ ਜੱਗੇ ਤੇ ਕੋਈ ਝੂਠਾ ਸੱਚਾ ਕੇਸ ਪਵਾ ਦਿੱਤਾ ਤੇ 4 ਸਾਲ ਦੀ ਕੈਦ ਕਰਵਾ ਦਿੱਤੀ। ਕੈਦ ਕੱਟ ਕੇ ਜਦੋਂ ਜੱਗਾ ਬਾਹਰ ਆਇਆ ਤਾਂ ਕੁਦਰਤੀ ਨਜ਼ਦੀਕੀ ਪਿੰਡ ਭਾਈ ਫੇਰੂ ਚੋਰੀ ਹੋ ਗਈ। ਉਸ ਪਿੰਡ ਦੇ ਥਾਣੇ (ਕੱਚੀ ਕੋਠੀ) ਦਾ ਐਸ.ਐੱਚ.ਉ. ਅਸਗਰ ਅਲੀ ਬਹੁਤ ਕੁਰੱਖਤ ਅਤੇ ਜ਼ਬਾਨ ਦਾ ਮਾੜਾ ਸੀ। ਹੋਰ ਬਦਮਾਸ਼ਾਂ ਸਮੇਤ ਉਸ ਨੇ ਸ਼ੱਕ ਵਿੱਚ ਜੱਗੇ ਨੂੰ ਵੀ ਥਾਣੇ ਹਾਜ਼ਰ ਮੰਗ ਲਿਆ। ਜਦੋਂ ਮੋਹਤਬਰ ਉਸ ਨੂੰ ਪੇਸ਼ ਕਰਾਉਣ ਲਈ ਲਿਜਾ ਰਹੇ ਸਨ ਤਾਂ ਰਸਤੇ ਵਿੱਚ ਜੱਗੇ ਨੇ ਜਵਾਬ ਦੇ ਦਿੱਤਾ। ਉਸ ਨੇ ਕਿਹਾ ਕਿ ਜੇ ਥਾਣੇਦਾਰ ਨੇ ਉਸ ਨੂੰ ਗਾਲ੍ਹ-ਮੰਦਾ ਕੀਤਾ ਤਾਂ ਉਸ ਕੋਲੋਂ ਜ਼ਰਿਆ ਨਹੀਂ ਜਾਣਾ। ਉਸ ਨੇ ਥਾਣੇਦਾਰ ਨੂੰ ਢਾਹ ਲੈਣਾ ਹੈ। ਮੋਹਤਬਰਾਂ ਸਾਹਮਣੇ ਥਾਣੇਦਾਰ ਨਾਲ ਜੁੱਤੀਉ ਜੁੱਤੀ ਹੋਇਆ ਤਾਂ ਬਾਅਦ ਵਿੱਚ ਉਹਨਾਂ ਲਈ ਪਰੇਸ਼ਾਨੀ ਪੈਦਾ ਹੋਵੇਗੀ। ਉਸ ਦਿਨ ਤੋਂ ਬਾਅਦ

ਜੱਗਾ ਭਗੌੜਾ ਹੋ ਗਿਆ ਤੇ ਫਿਰ ਉਸ ਨੇ ਪਿੱਛੇ ਮੁੜ ਕੇ ਨਾ ਵੇਖਿਆ।

ਚੜ੍ਹਦੀ ਜਵਾਨੀ ਤੋਂ ਹੀ ਸੋਹਣ ਤੇਲੀ ਜੱਗੇ ਦਾ ਭਰਾਵਾਂ ਵਰਗਾ ਯਾਰ ਸੀ। ਜੱਗੇ ਨੇ ਪਹਿਲੀ ਥਰੀ ਨਾਟ ਥਰੀ ਰਾਈਫਲ ਇੱਕ ਸਿਪਾਹੀ ਕੋਲੋਂ ਤੇ ਬਾਰਾਂ ਬੋਰ ਦੀ ਬੰਦੂਕ ਆਤਮਾ ਸਿੰਘ ਬਾਣੀਏ ਪਿੰਡ ਆਚਰਕੇ ਤੋਂ ਖੋਹੀ ਸੀ। ਪਹਿਲਾ ਡਾਕਾ ਉਸ ਨੇ ਝੰਡਾ ਸਿੰਘ ਨਿਰਮਲਕੇ ਤੇ ਠਾਕਰ ਸਿੰਘ ਮੰਡਿਆਲੀ ਨਾਲ ਮਿਲ ਕੇ ਲਾਇਲਪੁਰ ਦੇ ਨਜ਼ਦੀਕ ਪਿੰਡ ਘੁਮਿਆਰੀ, ਸਰਾਫਾਂ ਦੇ ਘਰ ਮਾਰਿਆ। ਇਸ ਡਾਕੇ ਵਿੱਚ ਸਾਰਿਆਂ ਦੇ ਹਿੱਸੇ ਡੇਢ ਡੇਢ ਸੇਰ ਸੋਨਾ ਲੁੱਟ ਦੇ ਮਾਲ ਵਜੋਂ ਆਇਆ। ਚਾਂਦੀ ਉਹਨਾਂ ਨੇ ਬਾਅਦ ਵਿੱਚ ਵੰਡਣ ਖਾਤਰ ਝੰਡਾ ਸਿੰਘ ਨਿਰਮਲਕੇ ਦੇ ਘਰ ਰੱਖ ਦਿੱਤੀ। ਇਸ ਡਾਕੇ ਵੇਲੇ ਉਹਨਾਂ ਨੇ ਲੋਕਾਂ ਦੇ ਕਰਜ਼ੇ ਦੀਆਂ ਵਹੀਆਂ ਫੂਕ ਦਿੱਤੀਆਂ, ਜਿਸ ਕਾਰਨ ਲੋਕਾਂ ਵਿੱਚ ਉਸ ਦੀ ਛਵੀ ਰੌਬਿਨ ਹੁੱਡ ਵਾਲੀ ਬਣ ਗਈ। ਇਸ ਤੋਂ ਬਾਅਦ ਜੱਗੇ ਨੇ ਬੰਤਾ ਸਿੰਘ, ਸੋਹਣ ਤੇਲੀ, ਲਾਲੂ ਨਾਈ, ਭੋਲੂ ਅਤੇ ਬਾਵੇ ਆਦਿ ਨੂੰ ਨਾਲ ਰਲਾ ਕੇ ਆਪਣਾ ਗਿਰੋਹ ਮਜ਼ਬੂਤ ਬਣਾ ਲਿਆ। ਲਾਲੂ ਨਾਈ ਗਿਰੋਹ ਦੀ ਰੋਟੀ ਪਕਾਉਂਦਾ ਸੀ। ਉਸ ਤੋਂ ਬਾਅਦ ਜੱਗੇ ਨੇ ਕਈ ਹੋਰ ਛੋਟੇ ਮੋਟੇ ਡਾਕੇ ਮਾਰੇ, ਪਰ ਮਸ਼ਹੂਰ ਡਾਕੇ ਸਾਇਦਪੁਰ ਤੇ ਲਾਇਲਪੁਰ ਵਾਲੇ ਹੀ ਸਨ। ਹਰ ਡਾਕੇ ਵੇਲੇ ਸ਼ਾਹੂਕਾਰਾਂ ਦੀਆਂ ਕਰਜ਼ੇ ਵਾਲੀਆਂ ਵਹੀਆਂ ਸਾੜਨ ਦੀ ਆਦਤ ਕਾਰਨ ਲੋਕ ਉਸ ਨੂੰ ਪੂਜਣ ਦੀ ਹੱਦ ਤੱਕ ਪਿਆਰ ਕਰਨ ਲੱਗੇ। ਗਰੀਬ ਜੱਟਾਂ ਦੀ ਬੜੀ ਤਮੰਨਾ ਹੁੰਦੀ ਸੀ ਕਿ ਕਾਸ਼! ਕਿਤੇ ਜੱਗਾ ਸਾਡੇ ਸ਼ਾਹਾਂ ਦੇ ਘਰ ਡਾਕਾ ਮਾਰੇ। ਦੋ ਚਾਰ ਵਾਰ ਡਟ ਕੇ ਟਾਕਰਾ ਹੋਇਆ ਤਾਂ ਜੱਗੇ ਦੀ ਦਲੇਰੀ ਵੇਖ ਕੇ ਪੁਲਿਸ ਵੀ ਉਸ ਤੋਂ ਕੰਨ ਭੰਨਣ ਲੱਗੀ।

ਜੱਗੇ ਦੇ ਪਿੰਡ ਤੋਂ ਕੁਝ ਮੀਲ ਦੂਰ ਸਿੱਧੂਪੁਰ ਪਿੰਡ ਦਾ ਮਸ਼ਹੂਰ ਡਾਕੂ ਮਲੰਗੀ ਹੋਇਆ ਹੈ। ਉਸ ਨੇ ਆਪਣੀ ਭੈਣ ਦੀ ਇੱਜ਼ਤ ਦਾ ਬਦਲਾ ਲੈਣ ਲਈ ਸਿੱਧੂਪੁਰ ਦੇ ਜ਼ੈਲਦਾਰਾਂ ਦਾ ਸਾਰਾ ਟੱਬਰ ਕਤਲ ਕਰ ਦਿੱਤਾ ਸੀ। ਉਸ ਦੀ ਏਨੀ ਦਹਿਸ਼ਤ ਸੀ ਕਿ ਲੋਕ ਕਹਿੰਦੇ ਹੁੰਦੇ ਸਨ, "ਦਿਨੇ ਰਾਜ ਫਿਰੰਗੀ ਦਾ ਤੇ ਰਾਤੀਂ ਰਾਜ ਮਲੰਗੀ ਦਾ।" ਉਸ ਨੂੰ ਉਸ ਦੇ ਮੇਲ ਮਿਲਾਪ ਵਾਲੇ ਕਿਸੇ

ਬੰਦੇ ਨੇ ਇਨਾਮ ਦੇ ਲਾਲਚ ਵਿੱਚ ਮੁਖਬਰੀ ਕਰ ਕੇ ਪੁਲਿਸ ਤੋਂ ਮਰਵਾ ਦਿੱਤਾ ਸੀ। ਜੱਗੇ ਦੀ ਭਗੌੜਾ ਹੋਣ ਤੋਂ ਪਹਿਲਾਂ ਹੀ ਮਲੰਗੀ ਨਾਲ ਬਹੁਤ ਯਾਰੀ ਸੀ। ਉਹ ਲੰਘਦਾ ਵੜਦਾ ਜੱਗੇ ਤੋਂ ਰੋਟੀ ਪਾਣੀ ਖਾ ਜਾਂਦਾ ਸੀ। ਜਦੋਂ ਜੱਗੇ ਦੀ ਪੂਰੀ ਚੜ੍ਹਤ ਹੋ ਗਈ ਤਾਂ ਉਸ ਨੇ ਮੁਖਬਰ ਮਾਰ ਕੇ ਮਲੰਗੀ ਦਾ ਬਦਲਾ ਲੈਣ ਦੀ ਠਾਣ ਲਈ। ਉਸ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਉਸ ਦਾ ਆਪਣਾ ਹਾਲ ਮਲੰਗੀ ਵਾਲਾ ਹੋਣ ਵਾਲਾ ਹੈ ਤੇ ਉਸ ਦਾ ਸਾਥੀ ਲਾਲੂ ਨਾਈ ਪੁਲਿਸ ਨਾਲ ਰਲ ਚੁੱਕਿਆ ਹੈ। ਇੱਕ ਦਿਨ ਉਹ ਦੁਪਹਿਰੇ ਮਲੰਗੀ ਦੇ ਉੱਜੜੇ ਹੋਏ ਡੇਰੇ ਉਸ ਦੀ ਅੰਨ੍ਹੀ ਮਾਂ ਕੋਲ ਜਾ ਪਹੁੰਚੇ। ਲਾਲੂ ਨਾਈ ਦਾ ਪਿੰਡ ਲੱਖੂਕੇ, ਸਿੱਧੂਪੁਰ ਦੇ ਨਜ਼ਦੀਕ ਹੀ ਪੈਂਦਾ ਸੀ। ਉਸ ਨੇ ਮਿਲਣ ਗਿਲਣ ਤੇ ਸ਼ਰਾਬ ਮੰਗਾਉਣ ਦੇ ਬਹਾਨੇ ਆਪਣੇ ਪੰਜੇ ਭਰਾਵਾਂ ਨੂੰ ਮਲੰਗੀ ਦੇ ਡੇਰੇ ਬੁਲਾ ਲਿਆ। ਸੋਹਣ ਤੇਲੀ ਨੇ ਲੱਖੂਕੇ ਪਿੰਡ ਆਪਣੇ ਕਿਸੇ ਵਾਕਫ ਨੂੰ ਮਿਲਣ ਜਾਣਾ ਸੀ, ਇਸ ਲਈ ਉਸ ਨੇ ਸ਼ਰਾਬ ਨਾ ਪੀਤੀ। ਕਾਫੀ ਦੇਰ ਸ਼ਰਾਬ ਪੀਣ ਤੋਂ ਬਾਅਦ ਜਦੋਂ ਜੱਗਾ ਤੇ ਬੰਤਾ ਸਿੰਘ ਸ਼ਰਾਬੀ ਹੋ ਗਏ ਤਾਂ ਸਾਰਿਆਂ ਨੇ ਰੋਟੀ ਖਾਧੀ। ਰੋਟੀ ਖਾਣ ਤੋਂ ਬਾਅਦ ਬੰਤਾ ਤੇ ਜੱਗਾ ਸੌਂ ਗਏ ਤੇ ਸੋਹਣ ਆਪਣੇ ਵਾਕਫ ਨੂੰ ਮਿਲਣ ਲਈ ਤੁਰ ਪਿਆ। ਉਸ ਦੇ ਜਾਂਦਿਆਂ ਹੀ ਲਾਲੂ ਹੋਰਾਂ ਨੇ ਜੱਗੇ ਤੇ ਬੰਤੇ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਜੱਗੇ ਦੇ ਦੋ ਗੋਲੀਆਂ ਲੱਗੀਆਂ, ਇੱਕ ਗਰਦਨ ਤੇ ਦੂਸਰੀ ਨਲਾਂ ਵਿੱਚ। ਸੋਹਣ ਤੇਲੀ ਗੋਲੀ ਚਲਦੀ ਸੁਣ ਕੇ ਵਾਪਸ ਭੱਜ ਆਇਆ। ਉਸ ਨੇ ਹਾਲਾਤ ਵੇਖ ਕੇ ਲਾਲੂ ਨਾਈ ਨੂੰ ਢਾਹ ਲਿਆ ਤਾਂ ਲਾਲੂ ਦੇ ਭਰਾ ਨੇ ਉਸ ਨੂੰ ਵੀ ਗੋਲੀ ਮਾਰ ਦਿੱਤੀ। ਜੱਗੇ ਨੂੰ ਕਤਲ ਕਰਨ ਦੇ ਇਵਜ਼ ਵਿੱਚ ਲਾਲੂ ਨੂੰ ਇਨਾਮ ਵਜੋਂ ਇੱਕ ਘੋੜੀ, ਇੱਕ ਮੁਰੱਬਾ ਜ਼ਮੀਨ (25 ਏਕੜ) ਤੇ ਭਾਰੀ ਰਕਮ ਮਿਲੀ। ਪਰ ਯਾਰ ਮਾਰ ਕਰ ਕੇ ਮਿਲੀ ਜ਼ਮੀਨ ਉਸ ਨੂੰ ਭੋਗਣੀ ਨਸੀਬ ਨਾ ਹੋਈ। ਥੋੜ੍ਹੇ ਦਿਨਾਂ ਬਾਅਦ ਹੀ ਕਿਸੇ ਹੋਰ ਮੁਕੱਦਮੇ ਵਿੱਚ ਗ੍ਰਿਫਤਾਰ ਹੋ ਕੇ ਉਹ ਜੇਲ੍ਹ ਪਹੁੰਚ ਗਿਆ। ਉਸ ਦੀ ਗੱਦਾਰੀ ਅਤੇ ਜੱਗੇ ਵਰਗੇ ਸੂਰਮੇ ਦੇ ਕਤਲ ਤੋਂ ਦੁਖੀ ਕੈਦੀਆਂ ਨੇ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ। ਗਾਣਿਆਂ ਵਾਲੇ ਬੋਲੀ ਜਾਂਦੇ ਹਨ ਕਿ "ਪੂਰਨਾ,

ਤੂੰ ਮਾਂ ਦਾ ਪੁੱਤ ਮਾਰ ਦਿੱਤਾ ਵੇ ਜੱਗਾ ਸੂਰਮਾ" ਪਰ ਅਸਲੀਅਤ ਇਹ ਹੈ ਕਿ ਜੱਗੇ ਨੂੰ ਕਿਸੇ ਪੂਰਨ ਥਾਣੇਦਾਰ ਨੇ ਨਹੀਂ ਸਗੋਂ ਉਸ ਦੇ ਸਾਥੀ ਲਾਲੂ ਨਾਈ ਨੇ ਹੀ ਮਾਰਿਆ ਸੀ।

ਜੱਗੇ ਹੱਥੋਂ ਕੁਝ ਬੁਰੇ ਕੰਮ ਵੀ ਹੋਏ। ਬਾਰਾਂ ਬੋਰ ਦੀ ਬੰਦੂਕ ਉਸ ਨੇ ਜਿਸ ਅਤਰ ਸਿੰਘ ਆਚਰਕੇ ਤੋਂ ਖੋਹੀ ਸੀ, ਉਹ ਉਸ ਦਾ ਦੋਸਤ ਸੀ। ਇਸ ਤੋਂ ਇਲਾਵਾ ਉਹ ਇਕ ਵਾਰੀ ਆਪਣੇ ਪਿੰਡ ਗਿਆ ਤਾਂ ਲੋਕ ਉਸ ਨੂੰ ਵੇਖ ਕੇ ਲੁਕਣ ਛਿਪਣ ਲੱਗੇ, ਜਿਹਨਾਂ ਵਿੱਚ ਪਿੰਡ ਦਾ ਨੱਥੂ ਤੇਲੀ ਵੀ ਸੀ। ਉਸ ਨਾਲ ਪਤਾ ਨਹੀਂ ਲਾਲੂ ਨਾਈ ਦੀ ਕੋਈ ਦੁਸ਼ਮਣੀ ਸੀ। ਉਹ ਹੱਥ ਬੰਨ੍ਹੀ ਖੜ੍ਹਾ ਸੀ ਕਿ ਲਾਲੂ ਨੇ ਛਵ੍ਹੀ ਮਾਰ ਕੇ ਉਸ ਦੇ ਹੱਥ ਵੱਢ੍ਹ ਦਿੱਤੇ। ਉਸ ਨੂੰ ਤੜਫਦਾ ਵੇਖ ਕੇ ਜੱਗੇ ਦੇ ਕਹਿਣ 'ਤੇ ਲਾਲੂ ਨੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਜੱਗੇ ਦੇ ਸਾਥੀ ਬੰਤੇ ਦੀ ਚਾਚੀ ਦੇ ਪਿੰਡ ਥੰਮਣਕੇ ਦੇ ਬਾਵੇ ਬੈਰਾਗੀ ਨਾਲ ਨਜਾਇਜ਼ ਸਬੰਧ ਸਨ। ਜਦੋਂ ਉਹ ਰੋਕਣ ਤੇ ਵੀ ਨਾ ਹਟੀ ਤਾਂ ਜੱਗੇ ਹੋਰੀਂ ਉਸ ਦਾ ਕਤਲ ਕਰ ਕੇ ਬਾਵੇ ਨੂੰ ਮਾਰਨ ਲਈ ਉਸ ਦੇ ਘਰ ਜਾ ਪਏ। ਬਾਵੇ ਬੈਰਾਗੀ ਨੇ ਡਰਦੇ ਮਾਰੇ ਟੱਬਰ ਸਮੇਤ ਅੰਦਰ ਵੜ ਕੇ ਕੁੰਡੇ ਮਾਰ ਲਏ। ਜੱਗੇ ਦੇ ਗਿਰੋਹ ਨੇ ਛੱਤਾਂ ਪੁੱਟ ਕੇ ਅੱਗ ਲਗਾ ਦਿੱਤੀ। ਉਹਨਾਂ ਨੂੰ ਉਮੀਦ ਸੀ ਕਿ ਬਾਵੇ ਹੋਰੀਂ ਬਾਹਰ ਆ ਜਾਣਗੇ। ਪਰ ਸਾਰਾ ਟੱਬਰ ਸਮੇਤ ਬਾਵੇ ਦੀਆਂ ਤਿੰਨ ਧੀਆਂ ਦੇ, ਅੰਦਰ ਹੀ ਧੂੰਏਂ ਕਾਰਨ ਦਮ ਘੁੱਟ ਕੇ ਮਰ ਗਿਆ।

ਇਸ ਤੋਂ ਇਲਾਵਾ ਰੇਸ਼ਮ ਕੌਰ ਨੇ ਘੁਮਿਆਰੀ ਵਾਲੇ ਡਾਕੇ ਬਾਰੇ ਬਾਰੇ ਬਹੁਤ ਦਿਲਚਸਪ ਗੱਲ ਦੱਸੀ ਕਿ ਉਹ ਸੋਨਾ ਕਿਸੇ ਦੇ ਕੰਮ ਨਾ ਆਇਆ। ਜੱਗੇ ਦੇ ਮਰਨ ਤੋਂ ਬਾਅਦ ਪੁਲਿਸ ਨੇ ਸਾਰੇ ਮੁਲਜ਼ਮ ਗ੍ਰਿਫਤਾਰ ਕਰ ਕੇ ਸਾਰਾ ਸੋਨਾ ਬਰਾਮਦ ਕਰਵਾ ਲਿਆ। ਜੱਗੇ ਦੇ ਘਰ ਦੀ ਛੱਤ ਵਿੱਚੋਂ ਪੁਲਿਸ ਨੇ ਸੋਨੇ ਦੀ ਪੋਟਲੀ ਬਰਾਮਦ ਕੀਤੀ ਸੀ। ਜੱਗੇ ਹੋਰਾਂ ਨੇ ਸੋਨਾ ਵੰਡ ਕੇ ਚਾਂਦੀ ਬਾਅਦ ਵਿੱਚ ਵੰਡਣ ਲਈ ਝੰਡਾ ਸਿੰਘ ਨਿਰਮਲਕੇ ਦੇ ਘਰ ਅਮਾਨਤ ਵਜੋਂ ਰੱਖੀ ਸੀ। ਉਸ ਨੇ ਵੰਡੇ ਆਇਆ ਸੋਨਾ ਤੇ ਚਾਂਦੀ ਚਾਟੀਆਂ ਵਿੱਚ ਪਾ ਕੇ ਆਪਣੇ ਖੇਤਾਂ ਵਿੱਚ ਦੱਬ ਦਿੱਤੀ, ਜਿਸ ਬਾਰੇ ਉਸ ਦੇ ਘਰ ਵਾਲਿਆਂ ਨੂੰ ਪਤਾ ਨਹੀਂ ਸੀ।

ਜਦੋਂ ਉਸ ਦੇ ਮੁਜ਼ਾਰੇ ਖੇਤਾਂ ਵਿੱਚ ਪੱਠੇ ਕੁਤਰਨ ਲਈ ਮੁੱਢੀ ਗੱਡਣ ਲੱਗੇ ਤਾਂ ਚਾਟੀਆਂ ਉਹਨਾਂ ਨੂੰ ਲੱਭ ਗਈਆਂ। ਉਹਨਾਂ ਨੇ ਚੁੱਪ ਚਾਪ ਚਾਟੀਆਂ ਗਾਇਬ ਕਰ ਦਿੱਤੀਆਂ। ਝੰਡਾ ਸਿੰਘ ਨੂੰ ਪੁਲਿਸ ਨੇ ਬਹੁਤ ਕੁੱਟਿਆ। ਉਸ ਦੀ ਨਿਸ਼ਾਨਦੇਹੀ 'ਤੇ ਪੁਲਿਸ ਨੇ ਖੇਤ ਪੁੱਟ ਸੁੱਟੇ, ਪਰ ਸੋਨਾ ਹੁੰਦਾ ਤਾਂ ਮਿਲਦਾ। ਭਾਰੀ ਤਸ਼ੱਦਦ ਕਾਰਨ ਪੁਲਿਸ ਹਿਰਾਸਤ ਵਿੱਚ ਹੀ ਉਸ ਦੀ ਮੌਤ ਹੋ ਗਈ।

ਜੱਗੇ ਦੀ ਮੌਤ 1930-31 ਵਿੱਚ ਫੱਗਣ (ਫਰਵਰੀ-ਮਾਰਚ) ਦੇ ਮਹੀਨੇ ਹੋਈ ਸੀ ਤੇ ਪੋਸਟ ਮਾਰਟਮ ਸਰਕਾਰੀ ਹਸਪਤਾਲ ਕਸੂਰ ਵਿਖੇ ਹੋਇਆ ਸੀ। ਉਸ ਦੀ ਲਾਸ਼ ਲੈਣ ਲਈ ਰੇਸ਼ਮ ਕੌਰ, ਇੰਦਰ ਕੌਰ ਅਤੇ ਜੱਗੇ ਦੇ ਭੂਆ ਦੇ ਪੁੱਤਰ ਗਏ ਸਨ। ਉਹ ਉਥੇ ਇੱਕ ਸਰਾਂ ਵਿੱਚ ਠਹਿਰੇ ਸਨ। ਰੇਸ਼ਮ ਕੌਰ ਦੱਸਦੀ ਹੈ ਕਿ ਕਈ ਵੱਡੇ ਅਫਸਰ ਜੱਗੇ ਦੀ ਲਾਸ਼ ਵੇਖਣ ਲਈ ਕਸੂਰ ਪਹੁੰਚੇ ਸਨ। ਕਾਨੂੰਨੀ ਅੜਿੱਕਿਆਂ ਕਾਰਨ ਦੋ ਦਿਨ ਬਾਅਦ ਬਹੁਤ ਮੁਸ਼ਕਲ ਨਾਲ ਲਾਸ਼ ਮਿਲੀ ਸੀ। ਜੱਗੇ ਦਾ ਅੰਤਿਮ ਸੰਸਕਾਰ ਉਸ ਦੇ ਜੱਦੀ ਪਿੰਡ ਬੁਰਜ ਰਣਸਿੰਘ ਵਾਲਾ ਵਿਖੇ ਕੀਤਾ ਗਿਆ ਸੀ। ਸਰਕਾਰੀ ਡਰ ਕਾਰਨ ਉਸ ਦੀ ਕੋਈ ਸਮਾਧ ਵਗੈਰਾ ਨਹੀਂ ਬਣਾਈ ਗਈ ਸੀ।

ਸੁੱਚਾ ਸਿੰਘ ਜਵੰਧਾ ਉਰਫ ਸੁੱਚਾ ਸੂਰਮਾ

ਸੁੱਚਾ ਸਿੰਘ ਜਵੰਧਾ ਉਰਫ ਸੁੱਚੇ ਸੂਰਮੇ ਦੀਆਂ ਵਾਰਾਂ ਸਵਰਗੀ ਕੁਲਦੀਪ ਮਾਣਕ ਅਤੇ ਮੁਹੰਮਦ ਸਦੀਕ ਸਮੇਤ ਅਨੇਕਾਂ ਨਾਮਵਰ ਗਾਇਕਾਂ ਨੇ ਗਾਈਆਂ ਹਨ। ਸੁੱਚਾ ਸੂਰਮਾ ਪੰਜਾਬ ਦੇ ਉਹਨਾਂ ਲੋਕ ਨਾਇਕਾਂ ਵਿੱਚ ਆਉਂਦਾ ਹੈ ਜਿਹਨਾਂ ਨੇ ਅਣਖ ਖਾਤਰ ਹਥਿਆਰ ਤਾਂ ਚੁੱਕੇ ਪਰ ਦੀਨ ਦੁਖੀਆਂ ਦਾ ਭਲਾ ਵੀ ਕੀਤਾ। ਇਸ ਯੋਧੇ ਦਾ ਸਭ ਤੋਂ ਵੱਡਾ ਗੁਣ ਇਹ ਸੀ ਕਿ ਇਸ ਨੇ ਨਾ ਤਾਂ ਡਾਕੇ ਮਾਰੇ ਤੇ ਨਾ ਹੀ ਲੁੱਟਾਂ ਖੋਹਾਂ ਕੀਤੀਆਂ। ਸੁੱਚੇ ਸੂਰਮੇ ਦਾ ਜਨਮ 1875 ਈ. ਦੇ ਲਾਗੇ ਪਿੰਡ ਸਮਾਉਂ ਦੀ ਮੁਪਾਲ ਪੱਤੀ ਵਿੱਚ ਸੁੰਦਰ ਸਿੰਘ ਜਵੰਧੇ ਦੇ ਘਰ ਹੋਇਆ। ਇਹ ਪਿੰਡ ਉਸ ਵੇਲੇ ਪਟਿਆਲਾ ਸਟੇਟ ਵਿੱਚ ਸੀ ਤੇ ਹੁਣ ਜਿਲ੍ਹਾ ਮਾਨਸਾ ਦੇ ਥਾਣਾ ਭੀਖੀ ਅਧੀਨ ਆਉਂਦਾ ਹੈ। ਸੁੱਚਾ ਆਪਣੇ ਭਰਾ ਨਰਾਇਣ ਸਿੰਘ (ਨਰੈਣਾ) ਤੋਂ 2-3 ਸਾਲ ਛੋਟਾ ਸੀ। ਉਸ ਦੀ ਬਚਪਨ ਤੋਂ ਹੀ ਨੰਬਰਦਾਰਾਂ ਦੇ ਮੁੰਡੇ ਘੁੱਕਰ ਸਿੰਘ ਚੈਹਲ (ਘੁੱਕਰ ਮੱਲ) ਨਾਲ ਗੂੜ੍ਹੀ ਯਾਰੀ ਸੀ। ਲਿਖਾਈ ਪੜ੍ਹਾਈ ਵੱਲੋਂ ਕੋਰੇ ਦੋਵੇਂ ਦੋਸਤ ਪਿੰਡ ਦੇ ਅਖਾੜੇ ਵਿੱਚ ਭਲਵਾਨੀ ਦੇ ਦਾਅ ਪੇਚ ਸਿੱਖਦੇ ਸਨ। ਨਰੈਣੇ ਨੇ ਕਿਸੇ ਕਾਰਨ ਆਪਣੀ ਪਹਿਲੀ ਘਰਵਾਲੀ ਛੱਡ ਦਿੱਤੀ ਸੀ ਤੇ ਪਿੰਡ ਰੋੜੀ ਤੋਂ ਬਲਬੀਰ ਕੌਰ (ਬੀਰੋ) ਨੂੰ ਕਰੇਵਾ ਕਰ ਕੇ ਲੈ ਆਇਆ। ਬੀਰੋ ਮਾੜੇ ਚਰਿੱਤਰ ਦੀ ਜ਼ਨਾਨੀ ਸੀ ਤੇ ਨਰੈਣਾ ਜ਼ਿਨਸੀ ਤੌਰ 'ਤੇ ਕਮਜ਼ੋਰ ਸੀ। ਉਹ ਬੀਰੋ ਦੀਆਂ ਸਰੀਰਕ ਜ਼ਰੂਰਤਾਂ ਪੂਰੀਆਂ ਨਹੀਂ ਸੀ ਕਰ ਸਕਦਾ। ਘਰ ਆਉਣ ਜਾਣ ਹੋਣ ਕਰ ਕੇ ਘੁੱਕਰ ਦਾ ਬੀਰੋ ਨਾਲ ਯਾਰਾਨਾ ਪੈ ਗਿਆ। ਪਰ ਘੁੱਕਰ ਮੱਲ ਸੁੱਚੇ ਤੋਂ ਕੰਨ ਭੰਨਦਾ ਸੀ। ਉਸ ਨੂੰ ਪਤਾ ਸੀ ਕਿ ਸੁੱਚਾ ਅਣਖੀ ਬੰਦਾ ਹੈ। ਜੇ ਉਸ ਨੂੰ ਇਸ ਗੱਲ ਦੀ ਭਿਣਕ ਪੈ ਗਈ ਤਾਂ ਖ਼ੂਨ ਖਰਾਬਾ ਹੋ ਸਕਦਾ ਹੈ।

ਘੁੱਕਰ ਨੇ ਸੁੱਚੇ ਨੂੰ ਰਸਤੇ ਤੋਂ ਹਟਾਉਣ ਦਾ ਤਰੀਕਾ ਇਹ ਲੱਭਿਆ ਕਿ ਉਸ ਨੂੰ ਫੌਜ ਵਿੱਚ ਭਰਤੀ ਕਰਵਾ ਕੇ ਪਿੰਡੋਂ ਦੂਰ ਭੇਜ ਦਿੱਤਾ ਜਾਵੇ। ਉਹ ਦੋਵੇਂ ਫਿਰੋਜ਼ਪੁਰ ਛਾਉਣੀ ਜਾ ਕੇ ਭਰਤੀ ਹੋ ਗਏ। ਘੁੱਕਰ ਸਕੀਮੀ ਸੀ, ਉਹ

ਕਿਸੇ ਬਹਾਨੇ ਨਾਵਾਂ ਕਟਵਾ ਕੇ ਘਰ ਆ ਗਿਆ ਪਰ ਸਾਫ ਦਿਲ ਸੁੱਚਾ ਰੰਗਰੂਟੀ ਕਰ ਕੇ ਡਿਊਟੀ ਵਾਸਤੇ ਬਰਮਾ ਪਹੁੰਚ ਗਿਆ। ਘੁੱਕਰ ਦਾ ਡਰ ਖਤਮ ਹੋ ਗਿਆ, ਉਹ ਪਿੰਡ ਵਾਪਸ ਆ ਕੇ ਬੀਰੋ ਨੂੰ ਸ਼ਰੇਆਮ ਮਿਲਣ ਗਿਲਣ ਲੱਗ ਪਿਆ। ਵਰਨਣਯੋਗ ਹੈ ਕਿ ਉਸ ਵੇਲੇ ਘੁੱਕਰ ਵਿਆਹਿਆ ਵਰ੍ਹਿਆ ਤੇ ਬਾਲ ਬੱਚੇਦਾਰ ਸੀ। ਬੀਰੋ ਤੇ ਘੁੱਕਰ ਵਿੱਚ ਸੁਨੇਹਾ ਪੱਤਾ ਦੇਣ ਦਾ ਕੰਮ ਭਾਗ ਸਿੰਘ (ਭਾਗ ਵਿਚੋਲਾ) ਨਾਮ ਦਾ ਵਿਅਕਤੀ ਕਰਦਾ ਸੀ। ਭਾਗ ਇਸ ਲਈ ਜਿਆਦਾ ਨਫਰਤ ਦਾ ਪਾਤਰ ਬਣਿਆ ਕਿਉਂਕਿ ਪੰਜਾਬ ਵਿੱਚ ਦੱਲੇ ਅਤੇ ਪੁਲਿਸ ਦੇ ਟਾਊਟ ਨੂੰ ਬਹੁਤ ਘਟੀਆ ਸਮਝਿਆ ਜਾਂਦਾ ਹੈ। ਬੀਰੋ ਪਹਿਲਾਂ ਹੀ ਨਰੈਣੇ ਨੂੰ ਟਿੱਚ ਸਮਝਦੀ ਸੀ, ਸੁੱਚੇ ਦੇ ਘਰੋਂ ਜਾਣ ਤੋਂ ਬਾਅਦ ਤਾਂ ਉਸ ਦੀਆਂ ਵਾਗਾਂ ਹੀ ਖੁਲ੍ਹ ਗਈਆਂ। ਨਰੈਣਾ ਨਿਕੰਮਾ ਅਤੇ ਡਰਪੋਕ ਕਿਸਮ ਦਾ ਆਦਮੀ ਸੀ। ਉਸ ਨੇ ਖੁਦ ਕੋਈ ਕਾਰਵਾਈ ਕਰਨ ਦੀ ਬਜਾਏ ਸੁੱਚੇ ਨੂੰ ਚਿੱਠੀ ਲਿਖ ਕੇ ਸਾਰਾ ਹਾਲ ਬਿਆਨ ਕਰ ਦਿੱਤਾ।

ਬੀਰੋ ਵੱਲੋਂ ਖਾਨਦਾਨ ਦਾ ਮੂੰਹਾ ਕਾਲਾ ਕਰਨ ਦੀ ਖਬਰ ਪੜ੍ਹ ਕੇ ਸੁੱਚਾ ਭੜਕ ਉੱਠਿਆ। ਪਰ ਫੌਜ ਵਿੱਚੋਂ ਤਾਂ ਹੁਣ ਛੁੱਟੀ ਸੌਖਿਆਂ ਨਹੀਂ ਮਿਲਦੀ, ਉਦੋਂ ਕਿੱਥੋਂ ਮਿਲਣੀ ਸੀ? ਭਾਣਾ ਰੱਬ ਦਾ! ਦੋ ਦਿਨਾਂ ਬਾਅਦ ਛਾਉਣੀ ਵਿੱਚ ਇੱਕ ਅੰਗਰੇਜ਼ ਅਫਸਰ ਦੇ ਬੰਗਲੇ ਨੂੰ ਅੱਗ ਲੱਗ ਗਈ ਤੇ ਉਸ ਦੇ ਬੱਚੇ ਅੰਦਰ ਫਸ ਗਏ। ਪਰ ਦਲੇਰ ਸੁੱਚਾ ਆਪਣੀ ਜਾਨ 'ਤੇ ਖੇਡ ਕੇ ਅੱਗ ਵਿੱਚ ਕੁੱਦ ਗਿਆ ਤੇ ਬੱਚਿਆਂ ਨੂੰ ਸਹੀ ਸਲਾਮਤ ਬਚਾ ਕੇ ਬਾਹਰ ਲੈ ਆਇਆ। ਅਫਸਰ ਬਹੁਤ ਖੁਸ਼ ਹੋਇਆ। ਬੱਚਿਆਂ ਤੋਂ ਵੱਧ ਪਿਆਰਾ ਕੁਝ ਨਹੀਂ ਹੁੰਦਾ, ਉਸ ਨੇ ਸੁੱਚੇ ਨੂੰ ਦਿਲੋਂ ਸ਼ਾਬਾਸ਼ ਦਿੱਤੀ ਤੇ ਜੋ ਮਰਜ਼ੀ ਇਨਾਮ ਮੰਗਣ ਬਾਰੇ ਕਿਹਾ। ਸੁੱਚੇ ਨੂੰ ਪਿੰਡ ਜਾਣ ਦੀ ਕਾਹਲੀ ਸੀ। ਆਪਣਾ ਮਕਸਦ ਪੂਰਾ ਕਰਨ ਲਈ ਉਸ ਨੇ ਬਾਰਾਂ ਬੋਰ ਦੀ ਬੰਦੂਕ ਅਤੇ ਫੌਜ ਵਿੱਚੋਂ ਡਿਸਚਾਰਜ਼ ਮੰਗ ਲਿਆ। ਉਸ ਦੀ ਇਸ ਮੰਗ ਤੋਂ ਅਫਸਰ ਹੈਰਾਨ ਰਹਿ ਗਿਆ। ਉਸ ਨੇ ਸੋਚਿਆ ਸੀ ਕਿ ਸੁੱਚਾ ਤਰੱਕੀ ਦੀ ਮੰਗ ਕਰੇਗਾ। ਉਸ ਨੇ ਫੌਰਨ ਦੋਵੇਂ ਮੰਗਾਂ ਪੂਰੀਆਂ ਕਰ ਦਿੱਤੀਆਂ।

ਪਿੰਡ ਪਹੁੰਚ ਕੇ ਸੁੱਚੇ ਨੇ ਨਰੈਣੇ ਦੇ ਮੂੰਹੋਂ ਸਾਰੀ ਰਾਮ ਕਹਾਣੀ ਸੁਣੀ

ਤੇ ਗੁੱਸੇ ਵਿੱਚ ਸੜ ਬਲ ਕੇ ਬੀਰੋ ਦੀ ਬੁਰੀ ਤਰਾਂ ਮਾਰ ਕੁਟਾਈ ਕੀਤੀ। ਉਸ ਨੇ ਮੋਹਤਬਰਾਂ ਰਾਹੀਂ ਘੁੱਕਰ ਨੂੰ ਵੀ ਧਮਕਾਇਆ। ਘੁੱਕਰ ਡਰ ਗਿਆ ਤੇ ਕੁਝ ਮਹੀਨੇ ਸ਼ਾਂਤੀ ਛਾਈ ਰਹੀ। ਪਰ ਇਸ਼ਕ ਅੰਨ੍ਹਾ ਹੁੰਦਾ ਹੈ, ਦੋਵੇਂ ਭਾਗ ਰਾਹੀ ਫਿਰ ਲੁਕ ਛਿਪ ਕੇ ਮਿਲਣ ਲੱਗ ਪਏ। ਸੁੱਚੇ ਨੂੰ ਇਸ ਗੱਲ ਦੀ ਖਬਰ ਲੱਗ ਗਈ। ਕੁਝ ਬੀਰੋ ਤੇ ਘੁੱਕਰ ਦੇ ਦੁਬਾਰਾ ਮਿਲਣ ਤੇ ਕੁਝ ਸ਼ਰੀਕਾਂ ਦੇ ਮਿਹਣੇ-ਮਖੌਲਾਂ ਕਾਰਨ ਕਹਾਣੀ ਵਿਗੜ ਗਈ। ਸੁੱਚੇ ਨੇ ਤੰਗ ਆ ਕੇ ਇਸ ਕਲੰਕ ਨੂੰ ਮੱਥੇ ਤੋਂ ਲਾਹੁਣ ਦਾ ਨਿਰਣਾ ਕਰ ਲਿਆ। ਇੱਕ ਦਿਨ ਪਿੰਡ ਵਿੱਚ ਸੇਰੋਂ ਵਾਲੇ ਮੁਨਸ਼ੀ ਗਵੱਈਏ ਦਾ ਅਖਾੜਾ ਲੱਗਾ ਹੋਇਆ ਸੀ। ਘੁੱਕਰ ਦੇ ਕਿਸੇ ਸਾਥੀ ਨੇ ਗਾਣੇ ਸੁਣ ਰਹੇ ਸੁੱਚੇ ਨੂੰ ਬੀਰੋ ਬਾਰੇ ਟਾਂਚ ਮਾਰ ਦਿੱਤੀ। ਇਸ ਗੱਲ ਤੋਂ ਸੁੱਚੇ ਅਤੇ ਘੁੱਕਰ ਦਰਮਿਆਨ ਝਗੜਾ ਹੋ ਗਿਆ। ਲੋਕਾਂ ਨੇ ਵਿੱਚ ਪੈ ਕੇ ਮਸਾਂ ਲੜਾਈ ਖਤਮ ਕਰਵਾਈ। ਗਾਉਣ ਵਾਲਿਆਂ ਨੇ ਗਾਣਿਆਂ ਵਿੱਚ ਉਸੇ ਦਿਨ ਘੁੱਕਰ ਦਾ ਕਤਲ ਹੁੰਦਾ ਦਰਸਾਇਆ ਹੈ, ਪਰ ਅਸਲ ਵਿੱਚ ਸੁੱਚੇ ਨੇ ਘੁੱਕਰ ਦਾ ਕਤਲ ਅਗਲੇ ਦਿਨ ਸੋਚ ਸਮਝ ਕੇ ਤੇ ਮਿਥ ਕੇ ਕੀਤਾ ਸੀ। ਦੂਸਰੇ ਦਿਨ ਸੁੱਚਾ ਸੱਥ ਦੇ ਸਾਹਮਣੇ ਕਿਸੇ ਵਾਕਫ ਬੰਦੇ ਦੇ ਘਰ ਘਾਤ ਲਾ ਕੇ ਬੈਠ ਗਿਆ। ਜਦੋਂ ਉਸ ਨੇ ਘੁੱਕਰ ਨੂੰ ਆਉਂਦਾ ਵੇਖਿਆ ਤਾਂ ਅੰਦਰੋਂ ਹੀ ਫਾਇਰ ਮਾਰ ਕੇ ਸੁੱਟ ਲਿਆ। ਪਿੰਡ ਵਾਲੇ ਦੱਸਦੇ ਹਨ ਕਿ ਉਸ ਨੇ ਘੁੱਕਰ ਨੂੰ ਖਤਮ ਕਰਨ ਤੋਂ ਪਹਿਲਾਂ ਰੱਜ ਕੇ ਕੁੱਟਿਆ ਅਤੇ ਆਪਣਾ ਗੁੱਸਾ ਸ਼ਾਂਤ ਕੀਤਾ। ਘੁੱਕਰ ਨੂੰ ਕੁੱਲ ਦੋ ਗੋਲੀਆਂ ਲੱਗੀਆਂ। ਘੁੱਕਰ ਦਾ ਕਤਲ ਕਰਨ ਤੋਂ ਬਾਅਦ ਜਦੋਂ ਸੁੱਚਾ ਬੀਰੋ ਦਾ ਵੀ ਫਸਤਾ ਵੱਢਣ ਲਈ ਘਰ ਵੱਲ ਨੂੰ ਤੁਰਿਆ ਤਾਂ ਉਹ ਰਸਤੇ ਵਿੱਚ ਹੀ ਟੱਕਰ ਗਈ। ਸੁੱਚੇ ਦੇ ਇਰਾਦੇ ਭਾਂਪ ਕੇ ਉਹ ਦੌੜ ਕੇ ਇੱਕ ਘਰ ਅੰਦਰ ਵੜ ਗਈ। ਜਦੋਂ ਉਹ ਪੌੜੀਆਂ ਚੜ੍ਹ ਕੇ ਦੂਸਰੇ ਘਰ ਵੱਲ ਜਾਣ ਲੱਗੀ ਤਾਂ ਚੌਥੀ ਪੌੜੀ ਤੋਂ ਹੀ ਸੁੱਚੇ ਨੇ ਗੋਲੀ ਮਾਰ ਕੇ ਥੱਲੇ ਸੁੱਟ ਲਈ। ਗੁੱਸੇ ਨਾਲ ਭਰੇ ਪੀਤੇ ਸੁੱਚੇ ਨੇ ਬੀਰੋ ਦੀ ਲਾਸ਼ ਨੂੰ ਧੂਹ ਕੇ ਸੱਥ ਵਿੱਚ ਲਿਆ ਕੇ ਘੁੱਕਰ ਦੀ ਲਾਸ਼ ਦੇ ਬਰਾਬਰ ਪਾ ਦਿੱਤਾ ਤੇ ਘੁੱਕਰ ਦੇ ਤੇੜੋਂ ਚਾਦਰਾ ਖੋਲ੍ਹ ਕੇ ਦੋਵਾਂ ਨੂੰ ਢੱਕ ਦਿੱਤਾ। ਪਿੰਡੋਂ ਭੱਜਣ ਵੇਲੇ ਸੁੱਚੇ ਨੇ ਪਿੰਡ ਦੇ ਹੀ ਇੱਕ ਜ਼ਿਮੀਦਾਰ

ਵਰਿਆਮ ਸਿੰਘ ਦਾ ਊਠ ਖੋਹਲ ਲਿਆ ਤੇ ਸਵਾਰ ਹੋ ਕੇ ਚੱਲ ਪਿਆ। ਕੁਦਰਤੀ ਉਸ ਨੂੰ ਰਸਤੇ ਵਿੱਚ ਡੰਗਰਾਂ ਲਈ ਪੱਠੇ ਲਈ ਆਉਂਦਾ ਭਾਗ ਵਿਚੋਲਾ ਵੀ ਟੱਕਰ ਗਿਆ। ਸੁੱਚੇ ਨੇ ਫਾਇਰ ਮਾਰਿਆ ਪਰ ਗੋਲੀ ਭਾਗ ਨੂੰ ਨਾ ਲੱਗੀ ਪਰ ਉਹ ਮਰਿਆਂ ਵਾਂਗ ਗੁੱਛੀ ਮਾਰ ਕੇ ਪਿਆ ਰਿਹਾ। ਕਾਹਲੀ ਕਾਰਨ ਸੁੱਚੇ ਨੇ ਊਠ 'ਤੇ ਬੈਠੇ ਬੈਠੇ ਹੀ ਉਸ ਦੁਆਲੇ ਦੋ ਗੇੜੇ ਕੱਢੇ ਤੇ ਮਰ ਗਿਆ ਸਮਝ ਕੇ ਅੱਗੇ ਚੱਲ ਪਿਆ। ਕਿਸੇ ਕੋਲੋਂ ਭਾਗ ਦੇ ਬਚ ਜਾਣ ਬਾਰੇ ਪਤਾ ਲੱਗਣ 'ਤੇ ਕੁਝ ਦਿਨਾਂ ਬਾਅਦ ਸੁੱਚੇ ਨੇ ਫਿਰ ਹਮਲਾ ਕੀਤਾ। ਉਸ ਨੇ ਰਾਤ ਨੂੰ ਵਾੜੇ ਵਿੱਚੋਂ ਉਸ ਦੇ ਡੰਗਰ ਪਸ਼ੂ ਖੋਹਲ ਦਿੱਤੇ। ਜਦੋਂ ਘਰ ਵਾਲੇ ਉੱਠ ਕੇ ਪਸ਼ੂ ਬੰਨ੍ਹਣ ਲੱਗੇ ਤਾਂ ਚਲਾਕ ਭਾਗ ਨੇ ਕੋਠੇ ਉੱਪਰੋਂ ਵਰਜਿਆ ਕਿ ਕੋਈ ਬਾਹਰ ਨਾ ਜਾਵੇ, ਇਹ ਸੁੱਚੇ ਦਾ ਕੰਮ ਹੈ। ਸੁੱਚੇ ਨੇ ਅਵਾਜ਼ ਪਹਿਚਾਣ ਕੇ ਉਸ ਦਿਸ਼ਾ ਵੱਲ ਫਾਇਰ ਕਰ ਦਿੱਤਾ। ਕਿਸਮਤ ਭਾਗ 'ਤੇ ਪੂਰੀ ਤਰਾਂ ਮਿਹਰਬਾਨ ਸੀ। ਦੋ ਕੁ ਛਰੇ ਭਾਗ ਦੇ ਮੱਥੇ ਵਿੱਚ ਵੱਜੇ ਪਰ ਉਹ ਦੂਸਰੇ ਹਮਲੇ ਤੋਂ ਵੀ ਬਚ ਗਿਆ। ਇਸ ਤੋਂ ਬਾਅਦ ਪੁਲਿਸ ਤੋਂ ਬਚਣ ਲਈ ਸੁੱਚਾ ਹਰਿਆਣੇ ਦੇ ਪਿੰਡ ਬੀਗੜ ਵਿਖੇ ਸਾਧੂ ਦੇ ਭੇਸ ਵਿੱਚ ਰਹਿਣ ਲੱਗ ਪਿਆ।

ਬੀਗੜ ਵਿੱਚ ਰਹਿੰਦੇ ਸਮੇਂ ਹੀ ਸੁੱਚੇ ਨੇ ਆਪਣਾ ਸਭ ਤੋਂ ਪ੍ਰਸਿੱਧ ਕਾਰਨਾਮਾ ਕੀਤਾ। ਉਸ ਇਕੱਲੇ ਨੇ ਗਹਿ ਗੱਚ ਲੜਾਈ ਵਿੱਚ ਸੱਤ ਬੁੱਚੜ ਮਾਰ ਕੇ ਦਰਜ਼ਨਾਂ ਗਊਆਂ ਦੀ ਜਾਨ ਬਚਾਈ। ਸਾਰੇ ਪੰਜਾਬ ਵਿੱਚ ਸੁੱਚੇ ਦੀ ਬੱਲੇ ਬੱਲੇ ਹੋ ਬਈ। ਸੂਰਮੇ ਦਾ ਖਿਤਾਬ ਉਸ ਦੇ ਨਾਮ ਨਾਲ ਬੁੱਚੜ ਮਾਰਨ ਵਾਲੀ ਘਟਨਾ ਤੋਂ ਬਾਅਦ ਪੱਕੇ ਤੌਰ 'ਤੇ ਜੁੜ ਗਿਆ। ਇੱਥੋਂ ਫਰਾਰ ਹੋ ਕੇ ਸੁੱਚਾ ਲਹਿਰਾਗਾਗਾ (ਸੰਗਰੂਰ) ਦੇ ਨਜ਼ਦੀਕੀ ਪਿੰਡ ਸੰਗਤੀਵਾਲਾ ਵਿਖੇ ਆਪਣੇ ਇੱਕ ਪਹਿਲਵਾਨ ਦੋਸਤ ਹਰਨਾਮ ਸਿੰਘ ਕੋਲ ਚਲਾ ਗਿਆ। ਪਰ ਉਹ ਦੋਸਤ ਗੱਦਾਰ ਨਿਕਲਿਆ, ਉਸ ਨੇ ਧੋਖੇ ਨਾਲ ਸੁੱਚੇ ਨੂੰ ਛਾਜਲੀ ਪਿੰਡ ਦੇ ਜ਼ੈਲਦਾਰ ਮਿਸ਼ਰਾ ਸਿੰਘ ਰਾਹੀਂ ਥਾਣਾ ਸੁਨਾਮ ਦੇ ਐੱਸ.ਐੱਚ.ਉ. ਗਿਆਨ ਦਾਸ ਹੱਥੋਂ ਗ੍ਰਿਫਤਾਰ ਕਰਵਾ ਦਿੱਤਾ। ਸੁੱਚੇ ਨੂੰ ਪਟਿਆਲਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਤੇ ਮੁਕੱਦਮਾ ਸ਼ੁਰੂ ਹੋ ਗਿਆ। ਕਿਹਾ ਜਾਂਦਾ ਹੈ ਕਿ ਸੁੱਚੇ ਨੂੰ

ਰਿਹਾ ਕਰਾਉਣ ਲਈ ਉਸ ਵੱਲੋਂ ਛੁਡਵਾਈਆਂ ਗਊਆਂ ਅਹਿਸਾਨ ਦਾ ਬਦਲਾ ਦੇਣ ਖਾਤਰ ਰਾਤ ਨੂੰ ਸੁਪਨੇ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਦੀ ਛਾਤੀ 'ਤੇ ਚੜ੍ਹਦੀਆਂ ਸਨ। ਜਿਸ ਕਾਰਨ ਡਰ ਦੇ ਮਾਰੇ ਉਸ ਨੇ ਸੁੱਚੇ ਨੂੰ ਬਰੀ ਕਰ ਦਿੱਤਾ। ਪਰ ਅਸਲ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਰਹਿਮ ਦਿਲ ਰਾਜਾ ਸੀ। ਉਹ ਸੁੱਚੇ ਵੱਲੋਂ ਗਊਆਂ ਛੁੱਡਵਾਉਣ ਅਤੇ ਫੌਜੀ ਅਫਸਰ ਦੇ ਬੱਚੇ ਬਚਾਉਣ ਵਾਲੇ ਕਾਰਨਾਮੇ ਤੋਂ ਬਹੁਤ ਪ੍ਰਭਾਵਿਤ ਸੀ। ਸ਼ਾਇਦ ਉਹ ਅੰਗਰੇਜ਼ ਅਫਸਰ ਵੀ ਉਸ ਵੇਲੇ ਮਹਾਰਾਜਾ ਭੁਪਿੰਦਰ ਸਿੰਘ ਦੇ ਸਹਾਇਕ ਵਜੋਂ ਤਾਇਨਾਤ ਸੀ। ਉਸ ਨੇ ਵੀ ਆਪਣਾ ਪ੍ਰਭਾਵ ਵਰਤਿਆ ਹੋਵੇਗਾ। ਫਲ ਸਵਰੂਪ ਮਹਾਰਾਜੇ ਨੇ ਸੁੱਚੇ ਨੂੰ ਸਖਤ ਚੇਤਾਵਨੀ ਦੇ ਕੇ ਬਰੀ ਕਰ ਦਿੱਤਾ। ਰਿਹਾ ਹੋ ਕੇ ਸੁੱਚਾ ਆਪਣੇ ਪਿੰਡ ਸਮਾਉਂ ਆ ਗਿਆ ਤੇ ਅਰਾਮ ਨਾਲ ਵੱਸਣ ਰੱਸਣ ਲੱਗਾ।

ਪਰ ਸੁੱਚੇ ਦੇ ਕਰਮਾਂ ਵਿੱਚ ਰੱਬ ਨੇ ਸ਼ਾਂਤੀ ਨਾਲ ਜ਼ਿੰਦਗੀ ਬਿਤਾਉਣੀ ਨਹੀਂ ਸੀ ਲਿਖੀ। ਉਸ ਦੇ ਨਾਨਕੇ ਪਿੰਡ ਗਹਿਰੀ ਭਾਗੀ (ਨਜ਼ਦੀਕ ਡੱਬਵਾਲੀ) ਸਨ। ਉਹ ਬਚਪਨ ਵਿੱਚ ਜਿਆਦਾ ਸਮਾਂ ਨਾਨਕੇ ਹੀ ਬਤੀਤ ਕਰਦਾ ਸੀ। ਇਸ ਲਈ ਉਸ ਦਾ ਮਾਮਿਆਂ ਨਾਲ ਗੂੜ੍ਹਾ ਪਿਆਰ ਸੀ। ਇੱਕ ਦਿਨ ਉਸ ਦੇ ਵੱਡੇ ਮਾਮੇ ਮੇਲਾ ਸਿੰਘ ਦੇ ਮਛੋਹਰ ਜਿਹੇ ਪੋਤਰੇ ਸੰਤ ਸਿੰਘ ਨੇ ਫਰਿਆਦ ਕੀਤੀ ਕਿ ਉਸ ਦੀ ਮਾਂ ਰਾਜ ਕੌਰ (ਮਾਮੇ ਦੀ ਨੂੰਹ) ਬਦਚਲਣ ਹੋ ਗਈ ਹੈ ਤੇ ਬੇਸ਼ਰਮੀ ਦੀ ਹੱਦ ਪਾਰ ਕਰ ਕੇ ਪਿੰਡ ਦੇ ਬਦਮਾਸ਼ ਗੱਜਣ ਵੈਲੀ ਦੇ ਘਰ ਰਹਿਣ ਲੱਗ ਪਈ ਹੈ। ਰਾਜ ਕੌਰ ਪਿੰਡ ਤੁੰਗਵਾਲੀ, ਜਿਲ੍ਹਾ ਬਠਿੰਡਾ ਦੇ ਚੰਦਾ ਸਿੰਘ ਦੀ ਧੀ ਸੀ। ਸੁੱਚੇ ਨੇ ਉਸ ਨੂੰ ਬਹੁਤ ਟਾਲਿਆ ਕਿ ਮੈਂ ਅੱਗੇ ਹੀ ਬਹੁਤ ਮੁਸ਼ਕਲ ਭਰੇ ਹਾਲਾਤਾਂ ਵਿੱਚੋਂ ਗੁਜ਼ਰਿਆ ਹਾਂ, ਹੁਣ ਮੈਨੂੰ ਸ਼ਾਂਤੀ ਨਾਲ ਜੀਅ ਲੈਣ ਦੇ। ਪਰ ਸੰਤ ਸਿੰਘ ਖਹਿੜੇ ਪੈ ਗਿਆ। ਉੱਚੀ ਉੱਚੀ ਰੋਂਦੇ ਹੋਏ ਉਸ ਨੇ ਸੁੱਚੇ ਦੇ ਪੈਰ ਪਕੜ ਲਏ ਕਿ ਚਾਚਾ ਤੇਰੇ ਹੁੰਦੇ ਹੋਏ ਹੋਰ ਅਸੀਂ ਹੋਰ ਕਿਸ ਅੱਗੇ ਫਰਿਆਦ ਕਰੀਏ ? ਉਸ ਨੇ ਸੁੱਚੇ ਨੂੰ ਦੱਸਿਆ ਕਿ ਕੀਤੇ ਹੋਏ ਕਾਰਨਾਮਿਆਂ ਕਾਰਨ ਇਲਾਕੇ ਵਿੱਚ ਤੇਰਾ ਐਨਾ ਨਾਮ ਅਤੇ ਡਰ ਹੈ ਕਿ ਤੇਰੇ ਇੱਕ ਦਬਕੇ ਨਾਲ ਹੀ ਰਾਜ ਕੌਰ ਤੇ ਗੱਜਣ ਸੁਧਰ ਜਾਣਗੇ। ਸੁੱਚਾ ਮਜਬੂਰ ਹੋ ਗਿਆ ਤੇ

ਤੁੰਗਵਾਲੀ ਜਾ ਕੇ ਗੱਜਣ ਅਤੇ ਰਾਜ ਕੌਰ ਦੀ ਚੰਗੀ ਤਰਾਂ ਨਾਲ ਖੁੰਬ ਠੱਪ ਆਇਆ। ਸੁੱਚੇ ਤੋਂ ਡਰ ਕੇ ਕੁਝ ਚਿਰ ਤਾਂ ਉਹ ਦੋਵੇਂ ਟਿਕੇ ਰਹੇ, ਪਰ ਜਲਦੀ ਹੀ ਪੁਰਾਣੇ ਚਾਲਿਆਂ ਤੇ ਆ ਗਏ। ਸੰਤ ਸਿੰਘ ਕੋਲੋਂ ਪਤਾ ਲੱਗਣ 'ਤੇ ਗੁੱਸੇ ਨਾਲ ਭਰੇ ਪੀਤੇ ਸੁੱਚੇ ਨੇ ਗੱਜਣ ਵੈਲੀ ਤੇ ਰਾਜ ਕੌਰ ਨੂੰ ਸਰ੍ਹੋਂ ਵੱਢਦਿਆਂ ਖੇਤਾਂ ਵਿੱਚ ਜਾ ਘੇਰਿਆ। ਉਸ ਨੂੰ ਵੇਖ ਕੇ ਉਹਨਾਂ ਨੇ ਊਠ 'ਤੇ ਚੜ੍ਹ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਸੁੱਚੇ ਨੇ ਗੋਲੀਆਂ ਮਾਰ ਕੇ ਗੱਜਣ ਤੇ ਰਾਜ ਕੌਰ ਨੂੰ ਮਾਰ ਮੁਕਾਇਆ। ਇਥੋਂ ਭੱਜ ਕੇ ਸੁੱਚਾ ਹਰਿਆਣੇ ਦੇ ਸ਼ਹਿਰ ਫਤਿਆਬਾਦ ਦੇ ਪਿੰਡ ਕਰਨੌਲੀ ਵਿਖੇ ਫਿਰ ਸਾਧੂ ਦੇ ਭੇਸ ਵਿੱਚ ਰਹਿਣ ਲੱਗ ਪਿਆ। ਪੁਲਿਸ ਦਾ ਜਿਆਦਾ ਦਬਾਅ ਪੈਣ ਕਰ ਕੇ ਹਿਮਾਚਲ ਦੇ ਪਿੰਡ ਨਹੈਣ (ਬੜੂ ਸਾਹਿਬ ਨਜ਼ਦੀਕ) ਚਲਾ ਗਿਆ। ਉਥੇ ਕਿਸੇ ਭੇਤੀ ਮੁਖਬਰ ਨੇ ਹੱਥ 'ਤੇ ਉਕਰੇ ਨਾਮ ਤੋਂ ਪਛਾਣ ਕੇ ਉਸ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਪਟਿਆਲੇ ਲਿਆ ਕਿ ਅਦਾਲਤ ਵਿੱਚ ਸੁੱਚੇ ਦੇ ਖਿਲਾਫ ਗੱਜਣ ਵੈਲੀ ਅਤੇ ਰਾਜ ਕੌਰ ਨੂੰ ਮਾਰਨ ਦਾ ਕੇਸ ਚੱਲਿਆ। ਮੌਕੇ ਦੇ ਗਵਾਹ ਗੱਜਣ ਦੇ ਮੁੰਡੇ ਵੀਰਾ ਸਿੰਘ ਦੀ ਗਵਾਹੀ ਕਾਰਨ ਸੁੱਚੇ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਨਰੈਣੇ ਨੇ ਅਖੀਰ ਤੱਕ ਕੇਸ ਲੜਿਆ ਪਰ ਕਾਮਯਾਬੀ ਕੋਈ ਨਾ ਮਿਲ ਸਕੀ। ਆਮ ਲੋਕਾਂ ਨੂੰ ਸਬਕ ਦੇਣ ਲਈ ਸੁੱਚੇ ਨੂੰ ਪਿੰਡ ਗਹਿਰੀ ਭਾਗੀ ਲਿਆ ਕੇ ਗੱਡਾ ਖੜਾ ਕਰ ਕੇ ਗੱਜਣ ਅਤੇ ਰਾਜ ਕੌਰ ਨੂੰ ਮਾਰਨ ਵਾਲੇ ਸਥਾਨ ਦੇ ਨਜ਼ਦੀਕ 1907-08 ਵਿੱਚ ਜੰਡ ਦੇ ਦਰਖਤ ਨਾਲ ਫਾਂਸੀ 'ਤੇ ਲਟਕਾਇਆ ਗਿਆ। ਫਾਂਸੀ ਵੇਖਣ ਲਈ ਪਿੰਡ ਸਮਾਉਂ ਤੋਂ ਸੁੱਚੇ ਦੇ ਭਰਾ ਨਰਾਇਣ ਸਿੰਘ ਸਮੇਤ ਕਈ ਲੋਕ ਪਹੁੰਚੇ ਸਨ। ਫਾਂਸੀ ਲੱਗਣ ਸਮੇਂ ਸੁੱਚੇ ਨੇ ਨਰੈਣੇ ਨੂੰ ਮਜ਼ਾਕ ਕੀਤਾ ਕਿ ਜੇ ਅੱਜ ਮੇਰੀ ਥਾਂ ਤੈਨੂੰ ਫਾਂਸੀ ਲੱਗਣੀ ਹੁੰਦੀ ਤਾਂ ਮੈਂ ਤੈਨੂੰ ਇਥੋਂ ਵੀ ਛੁਡਵਾ ਕੇ ਲੈ ਜਾਣਾ ਸੀ। ਫਾਂਸੀ ਲੱਗਣ ਵੇਲੇ ਸੁੱਚੇ ਦੀ ਉਮਰ ਕਰੀਬ 32-33 ਸਾਲ ਸੀ ਤੇ ਉਹ ਕੁੰਵਾਰਾ ਸੀ। ਸੁੱਚੇ ਦਾ ਭਰਾ ਨਰੈਣਾ ਬਜ਼ੁਰਗ ਹੋ ਕੇ 1960-62 ਅਤੇ ਭਾਗ ਵਿਚੋਲਾ ਕਰੀਬ 90 ਸਾਲ ਦਾ ਹੋ ਕੇ 1965-66 ਦੇ ਲਾਗੇ ਮਰਿਆ। ਦੂਰੋਂ ਦੂਰੋਂ ਲੋਕ ਇਹਨਾਂ ਨੂੰ ਵੇਖਣ ਆਉਂਦੇ ਹੁੰਦੇ ਸਨ।

ਭਾਗ ਦੀ ਸੰਤਾਨ ਅਤੇ ਸ਼ਰੀਕਾ ਬਰਾਦਰੀ ਅਜੇ ਵੀ ਪਿੰਡ ਸਮਾਉਂ ਵਿਖੇ ਵੱਸਦੀ ਹੈ। ਘੁੱਕਰ ਦਾ ਮੁੰਡਾ ਇੰਦਰ ਸਿੰਘ ਵੱਡਾ ਹੋ ਕੇ ਚੋਰੀਆਂ ਚਕਾਰੀਆਂ ਕਰਨ ਲੱਗ ਪਿਆ ਸੀ। ਕੁਝ ਪੁਲਿਸ ਦੇ ਡਰੋਂ ਤੇ ਕੁਝ ਪਿਉ ਦੀ ਬਦਨਾਮੀ ਤੋਂ ਦੁਖੀ ਹੋ ਕੇ ਉਹ ਪਰਿਵਾਰ ਸਮੇਤ ਮਲੇਸ਼ੀਆ ਚਲਾ ਗਿਆ। ਉਸ ਤੋਂ ਬਾਅਦ ਉਸ ਦਾ ਕੋਈ ਪਤਾ ਨਹੀਂ ਲੱਗਾ। ਨਰੈਣਾ ਤੇ ਸੁੱਚਾ ਦੋਵੇਂ ਬਿਨਾਂ ਔਲਾਦ ਤੋਂ ਮਰੇ ਸਨ। ਉਹਨਾਂ ਦੀ ਇੱਕ ਭੈਣ ਪਿੰਡ ਚੀਮੇ, ਨਜ਼ਦੀਕ ਸੁਨਾਮ (ਸੰਗਰੂਰ) ਵਿਆਹੀ ਹੋਈ ਸੀ। ਸੁੱਚੇ ਹੁਣਾਂ ਦੀ ਕਰੀਬ 60-65 ਕਿੱਲੇ ਜ਼ਮੀਨ ਉਸ ਦੀ ਔਲਾਦ ਦੇ ਨਾਮ ਚੜ੍ਹ ਗਈ। ਸੰਤ ਸਿੰਘ, ਜਿਸ ਦੇ ਕਹਿਣ 'ਤੇ ਸੁੱਚੇ ਨੇ ਰਾਜ ਕੌਰ ਤੇ ਗੱਜਣ ਵੈਲੀ ਦੇ ਕਤਲ ਕੀਤੇ ਸਨ, ਨੇ ਸੁੱਚੇ ਸੂਰਮੇ ਦੀ ਸਮਾਧ ਪਿੰਡ ਸਮਾਉਂ ਵਿੱਚ ਤਿਆਰ ਕਰਵਾਈ ਜੋ ਅੱਜ ਵੀ ਮੌਜੂਦ ਹੈ।

ਅਣਖ ਨਾਲ ਜਿਊਣ ਦਾ ਪ੍ਰਤੀਕ, ਲੋਕ ਨਾਇਕ ਜਿਊਣ ਸਿੰਘ ਮਾਨ ਉਰਫ ਜਿਊਣਾ ਮੌੜ

"ਉੱਡ ਗਈ ਵਿੱਚ ਹਵਾ ਦੇ ਯਾਰੋ, ਘੋੜੀ ਜਿਊਣੇ ਮੌੜ ਦੀ।" ਅੱਜ ਵੀ ਜਦੋਂ ਕੋਈ ਗਵੱਈਆ ਹਿੱਕ ਦੇ ਜ਼ੋਰ ਨਾਲ ਜਿਊਣੇ ਮੌੜ ਦੀ ਵਾਰ ਸੁਣਾਉਂਦਾ ਹੈ ਤਾਂ ਗੱਭਰੂਆਂ ਨੂੰ ਜੋਸ਼ ਆ ਜਾਂਦਾ ਹੈ। ਉਸ ਨੇ ਦੁਨੀਆਂ ਨੂੰ ਦੱਸਿਆ ਕਿ ਧੋਖੇਬਾਜ਼ਾਂ ਨੂੰ ਕਿਵੇਂ ਸਬਕ ਸਿਖਾਇਆ ਜਾਂਦਾ ਹੈ। ਪੰਜਾਬ ਦੇ ਇਸ ਪ੍ਰਸਿੱਧ ਲੋਕ ਨਾਇਕ ਜਿਊਣੇ ਮੌੜ ਦਾ ਪਿੰਡ ਮੌੜਾਂ, ਜਿਲ੍ਹਾ ਸੰਗਰੂਰ ਦੇ ਥਾਣਾ ਦਿੜ੍ਹਬਾ ਵਿੱਚ ਪੈਂਦਾ ਹੈ। ਪੁਰਾਣੀ ਰਿਆਸਤ ਜੀਂਦ ਦਾ ਇਹ ਪਿੰਡ ਸੰਗਰੂਰ-ਪਾਤੜਾਂ ਹਾਈਵੇ 'ਤੇ ਸੰਗਰੂਰ ਤੋਂ ਕੋਈ 16-17 ਕਿ.ਮੀ. ਦੀ ਵਾਟ 'ਤੇ ਹੈ। ਜਿਊਣੇ ਮੌੜ ਦੇ ਬਾਪ ਦਾ ਨਾਮ ਖੜਕ ਸਿੰਘ ਅਤੇ ਮਾਤਾ ਦਾ ਨਾਮ ਪ੍ਰੇਮ ਕੌਰ ਸੀ। ਜਿਊਣੇ ਮੌੜ ਦੀ ਜਨਮ ਤਾਰੀਖ ਬਾਰੇ ਨਿਸ਼ਚਿਤ ਨਹੀਂ, ਪਰ ਮੰਨਿਆਂ ਜਾਂਦਾ ਹੈ ਕਿ 1860 ਦੀ ਹੈ। ਜਿਊਣੇ ਹੋਰੀਂ ਬਿਸ਼ਨ ਸਿੰਘ, ਕਿਸ਼ਨ ਸਿੰਘ (ਮਸ਼ਹੂਰ ਡਾਕੂ ਕਿਸ਼ਨਾ) ਅਤੇ ਭੈਣ ਬਿਸ਼ਨ ਕੌਰ ਸਮੇਤ ਚਾਰ ਭਾਈ ਭੈਣ ਸਨ ਤੇ ਜਿਊਣਾ ਸਭ ਨਾਲੋਂ ਛੋਟਾ ਸੀ। ਇਹਨਾਂ ਦੀ 20-22 ਕਿੱਲੇ ਜ਼ਮੀਨ ਸੀ। ਭੈਣ ਬਿਸ਼ਨ ਕੌਰ ਨਾਭੇ ਲਾਗੇ ਪਿੰਡ ਸੁਧੇਵਾਲ ਵਿਆਹੀ ਹੋਈ ਸੀ ਤੇ ਸ਼ਾਇਦ ਉਸ ਦਾ ਖਾਨਦਾਨ ਅੱਗੇ ਚੱਲ ਰਿਹਾ ਹੈ। ਬਿਸ਼ਨਾ ਵੀ ਵਿਆਹਿਆ ਹੋਇਆ ਸੀ ਤੇ ਖੇਤੀਬਾੜੀ ਕਰਦਾ ਸੀ।

ਮਾਰਖੋਰੇ ਸੁਭਾਅ ਦਾ ਕਿਸ਼ਨਾ ਬਚਪਨ ਤੋਂ ਹੀ ਵੈਲਪੁਣੇ ਵਿੱਚ ਪੈ ਗਿਆ ਸੀ। ਉਸ ਨੇ ਆਪਣੀ ਜ਼ਿੰਦਗੀ ਦੀ ਪਹਿਲੀ ਵਾਰਦਾਤ ਆਪਣੇ ਹੀ ਪਿੰਡ ਦੇ ਚੌਧਰੀ ਵਾਸਦੇਵ ਨਾਲ ਕੀਤੀ। ਵਾਸਦੇਵ ਨੇ ਕਿਸ਼ਨੇ ਦੀ ਮਾਤਾ ਦੀ ਆਪਣੇ ਖੇਤਾਂ ਵਿੱਚੋਂ ਸਾਗ ਤੋੜਨ ਕਾਰਨ ਸ਼ਰੇਆਮ ਬੇਇੱਜ਼ਤੀ ਕਰ ਦਿੱਤੀ ਸੀ। ਉਸ ਨੇ ਬਜ਼ੁਰਗ ਪ੍ਰੇਮ ਕੌਰ ਕੋਲੋਂ ਸਾਗ ਖੋਹ ਲਿਆ ਤੇ ਧੱਕੇ ਮਾਰ ਕੇ ਖੇਤਾਂ ਵਿੱਚੋਂ ਬਾਹਰ ਸੁੱਟ ਦਿੱਤਾ। ਇਹ ਗੱਲ ਕਿਸ਼ਨੇ ਕੋਲੋਂ ਜਰੀ ਨਾ ਗਈ। ਉਸ ਨੇ ਘਰ ਜਾ ਕੇ ਵਾਸਦੇਵ ਨੂੰ ਬੁਰੀ ਤਰਾਂ ਕੁੱਟਿਆ ਤੇ ਉਸ ਦੀ ਘਰਵਾਲੀ ਦਾ

ਗਹਿਣਾ ਗੱਟਾ ਲੁੱਟ ਕੇ ਫਰਾਰ ਹੋ ਗਿਆ। ਉਸ ਤੋਂ ਬਾਅਦ ਉਸ ਨੇ ਪਿੱਛੇ ਪਰਤ ਕੇ ਨਾ ਵੇਖਿਆ ਤੇ ਗਿਰੋਹ ਬਣਾ ਕੇ ਡਾਕੇ ਮਾਰਨ ਲੱਗ ਪਿਆ। ਪਿੰਡ ਹਰਿਆਊ, ਥਾਣਾ ਲੈਹਰਾਗਾਗਾ, ਜਿਲ੍ਹਾ ਸੰਗਰੂਰ ਦਾ ਚੌਧਰੀ ਅਹਿਮਦ ਖਾਨ ਡੋਗਰ ਉਸ ਦਾ ਪੱਗ ਵੱਟ ਭਰਾ ਸੀ। ਕਿਸ਼ਨਾ ਸਾਰਾ ਲੁੱਟਿਆ ਹੋਇਆ ਮਾਲ ਡੋਗਰ ਕੋਲ ਜਮ੍ਹਾਂ ਕਰਾਉਂਦਾ ਸੀ। ਹੌਲੀ ਹੌਲੀ ਕਿਸ਼ਨਾ ਮਸ਼ਹੂਰ ਹੁੰਦਾ ਗਿਆ ਤੇ ਲੋਕ ਉਸ ਦੇ ਨਾਮ ਤੋਂ ਕੰਬਣ ਲੱਗ ਪਏ। ਜੀਂਦ ਰਿਆਸਤ ਵੱਲੋਂ ਉਸ ਦੇ ਸਿਰ ਦਾ ਇਨਾਮ 500 ਰੁ. ਨਗਦ ਅਤੇ ਸੋਨੇ ਦੇ ਕੜਿਆਂ ਦੀ ਜੋੜੀ ਰੱਖ ਦਿੱਤਾ ਗਿਆ। ਇਹ ਉਸ ਸਮੇਂ ਬਹੁਤ ਭਾਰੀ ਰਕਮ ਸੀ। ਕਿਸ਼ਨਾ ਕਰੀਬ ਪੰਜ ਸਾਲ ਡਾਕੂ ਰਿਹਾ। ਉਸ ਨੇ ਅਨੇਕਾਂ ਵੱਡੇ ਡਾਕੇ ਮਾਰੇ। ਕਹਿੰਦੇ ਹਨ ਕਿ ਡੋਗਰ ਕੋਲ ਕਿਸ਼ਨੇ ਦੇ ਲੁੱਟ ਦੇ ਮਾਲ ਨਾਲ ਸੋਨੇ-ਚਾਂਦੀ ਦੇ ਦੋ ਘੜੇ ਭਰ ਗਏ। ਐਨੀ ਦੌਲਤ ਵੇਖ ਕੇ ਅਤੇ ਇਨਾਮ ਦੀ ਵੱਡੀ ਰਕਮ ਕਾਰਨ ਡੋਗਰ ਦਾ ਮਨ ਡੋਲ ਗਿਆ। ਸ਼ਰਾਬ ਕਿਸ਼ਨੇ ਦੀ ਬਹੁਤ ਵੱਡੀ ਕਮਜ਼ੋਰੀ ਸੀ। ਇੱਕ ਦਿਨ ਡੋਗਰ ਨੇ ਇਕੱਲੇ ਕਿਸ਼ਨੇ ਨੂੰ ਆਪਣੇ ਘਰ ਬੁਲਾ ਕੇ ਰੱਜ ਕੇ ਸ਼ਰਾਬ ਪਿਆਈ। ਸ਼ਰਾਬੀ ਹੋਣ ਤੋਂ ਬਾਅਦ ਉਸ ਨੂੰ ਮੰਜੇ ਨਾਲ ਬੰਨ੍ਹ ਕੇ ਥਾਣੇ ਬੁਢਲਾਡੇ ਦੇ ਸ਼ੰਭੂ ਰਾਮ ਥਾਣੇਦਾਰ ਰਾਹੀਂ ਗ੍ਰਿਫਤਾਰ ਕਰਵਾ ਦਿੱਤਾ। ਕਿਸ਼ਨੇ ਖਿਲਾਫ ਸੰਗਰੂਰ ਕਚਹਿਰੀ ਵਿੱਚ ਮੁਕੱਦਮਾ ਚੱਲਿਆ ਤੇ ਉਸ ਨੂੰ 20 ਸਾਲ ਕਾਲੇ ਪਾਣੀ ਦੀ ਸਜ਼ਾ ਹੋ ਗਈ।

ਉਸ ਸਮੇਂ ਜਿਊਣਾ 22-23 ਸਾਲ ਦਾ ਗੱਭਰੂ ਜਵਾਨ ਸੀ। ਉਹ ਆਪਣੇ ਪਿੰਡ ਬਾਬਾ ਦੁੱਧਾਧਾਰੀ ਦੇ ਡੇਰੇ ਰਹਿੰਦਾ ਸੀ। ਇਥੇ ਹੁਣ ਸ਼ਾਨਦਾਰ ਗੁਰਦਵਾਰਾ ਬਣਿਆ ਹੋਇਆ ਹੈ। ਉਹ ਡੇਰੇ ਵਿੱਚੋਂ ਗੁਰਮੁਖੀ ਲਿਖਣੀ ਪੜ੍ਹਨੀ ਸਿੱਖ ਗਿਆ ਤੇ ਮਾੜਾ ਮੋਟਾ ਪੂਜਾ ਪਾਠ ਵੀ ਕਰ ਲੈਂਦਾ ਸੀ। ਇੱਕ ਦਿਨ ਭਰ ਗਰਮੀਆਂ ਵਿੱਚ ਮੌੜ ਪਿੰਡ ਦੀਆਂ ਦੋ ਸਕੀਆਂ ਭੈਣਾਂ ਦੀ ਬਰਾਤ ਉੱਤਰੀ ਹੋਈ ਸੀ। ਕੁਝ ਬਰਾਤੀ ਡੇਰੇ ਵਿੱਚ ਸੰਘਣੀ ਛਾਂ ਵੇਖ ਕੇ ਖੂਹੀ ਦੀ ਮੌਣ 'ਤੇ ਬੈਠ ਕੇ ਸ਼ਰਾਬ ਪੀਣ ਲੱਗ ਪਏ। ਜਿਊਣੇ ਨੇ ਉਹਨਾਂ ਨੂੰ ਡੇਰੇ ਵਿੱਚ ਸ਼ਰਾਬ ਪੀਣ ਤੋਂ ਵਰਜਿਆ ਪਰ ਸ਼ਰਾਬੀ ਹੋਏ ਬਰਾਤੀ ਉਸ ਦੇ ਗਲ ਪੈ ਗਏ। ਜਿਊਣਾ ਲੜਨ ਭਿੜਨ ਨੂੰ ਬਹੁਤ ਤੇਜ਼ ਸੀ। ਉਸ ਨੇ ਸੰਮਾਂ ਵਾਲੀ ਡਾਂਗ ਨਾਲ ਕੁੱਟ ਕੇ ਬਰਾਤੀ

ਅੱਗੇ ਲਾ ਲਏ। ਇਸ ਤੋਂ ਬਾਅਦ ਗੁੱਸੇ ਨਾਲ ਭਰਿਆ ਪੀਤਾ ਧਰਮਸ਼ਾਲਾ ਜਾ ਵੜਿਆ ਜਿੱਥੇ ਬਰਾਤ ਦਾ ਉਤਾਰਾ ਸੀ। ਉਸ ਦੇ ਸਿਰ ਨੂੰ ਖ਼ੂਨ ਚੜ੍ਹਿਆ ਵੇਖ ਕੇ ਬਰਾਤੀ ਖਿੰਡ ਪੁੰਡ ਗਏ। ਦੋਵਾਂ ਲਾੜ੍ਹਿਆਂ ਨੇ, ਜੋ ਸਕੇ ਭਰਾ ਸਨ, ਕੁੱਟ ਤੋਂ ਡਰਦਿਆਂ ਮਾਰਿਆਂ ਆਪਣੇ ਸੋਨੇ ਦੇ ਕੈਂਠੇ ਲਾਹ ਕੇ ਜਿਊਣੇ ਦੇ ਹਵਾਲੇ ਕਰ ਦਿੱਤੇ। ਬੱਸ ਅਸਾਨੀ ਨਾਲ ਮਿਲੇ ਇਸ ਮਾਲ ਨੇ ਜਿਊਣੇ ਦੀ ਜ਼ਿੰਦਗੀ ਬਦਲ ਦਿੱਤੀ। ਕੁਝ ਪੁਲਿਸ ਦੇ ਡਰੋਂ ਅਤੇ ਕੁਝ ਪਿੰਡ ਦੇ ਜਵਾਈ ਭਾਈ ਲੁੱਟਣ ਦੀ ਸ਼ਰਮ ਕਾਰਨ ਜਿਊਣਾ ਫਰਾਰ ਹੋ ਗਿਆ।

ਪੰਜਾਬ ਦੇ ਲੋਕ ਨਾਇਕਾਂ ਵਿੱਚੋਂ ਜਿਊਣਾ ਸਭ ਤੋਂ ਲੰਮਾ ਸਮਾਂ ਜੀਵਿਆ ਅਤੇ ਫਰਾਰ ਰਿਹਾ ਹੈ। ਉਹ ਕਰੀਬ 20 ਸਾਲ ਸਫਲਤਾ ਨਾਲ ਪੁਲਿਸ ਨੂੰ ਝਕਾਨੀਆਂ ਦੇ ਕੇ ਡਾਕੇ ਮਾਰਦਾ ਰਿਹਾ। ਉਸ ਨੂੰ ਇਹ ਤਾਂ ਪਤਾ ਸੀ ਕਿਸ਼ਨਾ ਡੋਗਰ ਦੇ ਘਰੋਂ ਫੜ੍ਹਿਆ ਗਿਆ ਸੀ, ਪਰ ਇਹ ਪਤਾ ਨਹੀਂ ਸੀ ਕਿ ਡੋਗਰ ਨੇ ਹੀ ਗੱਦਾਰੀ ਕੀਤੀ ਹੈ। ਉਸ ਦੇ ਗਿਰੋਹ ਵਿੱਚ ਉਸ ਦਾ ਸ਼ਰੀਕੇ ਵਿੱਚੋਂ ਲਗਦਾ ਭਤੀਜਾ ਚਤਰਾ, ਚਨਾਗਰੇ (ਥਾਣਾ ਪਾਤੜਾਂ, ਜਿਲ੍ਹਾ ਪਟਿਆਲਾ) ਦਾ ਮਜ੍ਹਬੀ ਸਿੱਖ ਅਤਰਾ, ਔਤਾਂਵਾਲੀ (ਥਾਣਾ ਕੋਟ ਧਰਮੂ, ਜਿਲ੍ਹਾ ਮਾਨਸਾ) ਦਾ ਦੇਵਾ ਚੇਲਾ, ਕਲੀਪੁਰ (ਥਾਣਾ ਸਦਰ ਬੁਢਲਾਡਾ, ਜਿਲ੍ਹਾ ਮਾਨਸਾ) ਦਾ ਦੂਲੋ ਜੱਟ, ਮੁਕੰਦਾ, ਪਚਾਦਾ ਅਤੇ ਬਚਨਾ ਆਦਿ 10-15 ਡਕੈਤ ਸਨ। ਗਾਇਕਾਂ ਨੇ ਚਤਰੇ ਨੂੰ ਮਜ੍ਹਬੀ ਸਿੱਖ ਦੱਸਿਆ ਹੈ ਪਰ ਅਸਲ ਵਿੱਚ ਮਜ੍ਹਬੀ ਸਿੱਖ ਅਤਰਾ ਸੀ। ਇੱਕ ਦੋ ਸਾਲ ਵਾਰਦਾਤਾਂ ਕਰਨ ਤੋਂ ਬਾਅਦ ਤਾਂ ਉਸ ਦਾ ਐਨਾ ਨਾਮ ਚੱਲਣ ਲੱਗਾ ਕਿ ਲੋਕ ਸੁਨੇਹੇ 'ਤੇ ਹੀ ਫਿਰੌਤੀ ਦੀ ਰਕਮ ਪਹੁੰਚਾ ਜਾਂਦੇ ਸਨ। ਉਸ ਦੀਆਂ ਨਿੱਤ ਦੀ ਲੁੱਟਾਂ ਮਾਰਾਂ ਤੋਂ ਤੰਗ ਆ ਕੇ ਜੀਂਦ ਰਿਆਸਤ ਵੱਲੋਂ ਉਸ ਦੇ ਸਿਰ ਦਾ ਇਨਾਮ 1000 ਰੁ. ਰੱਖ ਦਿੱਤਾ ਗਿਆ।

ਜਿਊਣੇ ਮੌੜ ਦੇ ਅਨੇਕਾਂ ਡਾਕਿਆਂ ਵਿੱਚੋਂ ਦੋ ਡਾਕੇ ਬਹੁਤ ਮਸ਼ਹੂਰ ਹਨ। ਪਹਿਲਾ ਬਾਣੀਆਂ ਦੀ ਜੰਞ ਘੇਰਨ ਬਾਰੇ ਤੇ ਦੂਸਰਾ ਲੌਂਗੋਵਾਲ ਦੀਆਂ ਤੀਆਂ ਲੁੱਟਣ ਬਾਰੇ। ਚਤਰਾ ਜਿਊਣੇ ਦੇ ਨਾਲ ਹੀ ਗ੍ਰਿਫਤਾਰ ਹੋਇਆ ਸੀ ਤੇ ਕਾਲੇ ਪਾਣੀ ਦੀ ਸਜ਼ਾ ਕੱਟ ਕੇ ਵਾਪਸ ਪਿੰਡ ਆ ਗਿਆ ਸੀ। ਇਹਨਾਂ

ਡਾਕਿਆਂ ਦੀ ਸੱਚਾਈ ਉਸ ਨੇ ਹੀ ਲੋਕਾਂ ਨੂੰ ਦੱਸੀ ਸੀ। ਉਸ ਮੁਤਾਬਕ ਸਮਾਣੇ ਲਾਗੇ ਕਿਸੇ ਪਿੰਡ ਦੀ ਲੜਕੀ ਨੂੰ ਵਿਆਹ ਕੇ ਬਾਣੀਆਂ ਦੀ ਬਰਾਤ ਲੌਂਗੋਵਾਲ ਨੂੰ ਵਾਪਸ ਜਾ ਰਹੀ ਸੀ। ਉਸ ਜ਼ਮਾਨੇ ਵਿੱਚ ਪੈਸਾ ਬਾਣੀਆਂ ਕੋਲ ਹੀ ਹੁੰਦਾ ਸੀ ਤੇ ਵਿਆਹਾਂ ਵਿੱਚ ਜਨਾਨੀਆਂ ਵੈਸੇ ਵੀ ਪੂਰੇ ਗਹਿਣੇ ਗੱਟੇ ਪਹਿਨ ਕੇ ਟੌਹਰ ਕੱਢ ਕੇ ਹੀ ਜਾਂਦੀਆਂ ਹਨ। ਜਦੋਂ ਜੰਞ ਸੁਨਾਮ ਦੇ ਨਜ਼ਦੀਕ ਪਹੁੰਚੀ ਤਾਂ ਜਿਊਣੇ ਦੇ ਗਿਰੋਹ ਨੇ ਟਿੱਬਿਆਂ ਵਿੱਚ ਜੰਞ ਘੇਰ ਲਈ। ਵਿਆਹ ਵਾਲੀ ਲੜਕੀ ਬਹੁਤ ਦਲੇਰ ਸੀ। ਜਦੋਂ ਜਿਊਣਾ ਲੁੱਟ ਮਾਰ ਕਰਦਾ ਹੋਇਆ ਡੋਲੀ ਲਾਗੇ ਪਹੁੰਚਿਆ ਤਾਂ ਉਸ ਨੇ ਵੈਸੇ ਹੀ ਦਬਕਾ ਮਾਰ ਦਿੱਤਾ ਕਿ ਤੁਸੀਂ ਮੇਰੀ ਜੰਞ ਲੁੱਟ ਕੇ ਗਲਤੀ ਕਰ ਲਈ ਹੈ। ਤੁਸੀਂ ਜਾਣਦੇ ਨਹੀਂ ਮੈਂ ਜਿਊਣੇ ਮੌੜ ਦੀ ਭੈਣ ਹਾਂ। ਜਿਊਣੇ ਮੌੜ ਨੇ ਹੈਰਾਨ ਹੋ ਕੇ ਮੂੰਹ ਤੋਂ ਪੱਲਾ ਲਾਹ ਦਿੱਤਾ। ਉਹ ਲੜਕੀ ਦੀ ਬਹਾਦਰੀ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਸਾਰੇ ਗਹਿਣੇ ਵੀ ਮੋੜ ਦਿੱਤੇ ਤੇ ਜੰਞ ਵੀ ਲੌਂਗੋਵਾਲ ਛੱਡ ਕੇ ਆਇਆ। ਉਹ ਸਾਰੀ ਉਮਰ ਆਪਣੀ ਭੈਣ ਬਿਸ਼ਨੀ ਦੇ ਨਾਲ ਉਸ ਲੜਕੀ ਨੂੰ ਵੀ ਧਰਮ ਦੀ ਭੈਣ ਬਣਾ ਕੇ ਸੰਧਾਰਾ ਦੇਂਦਾ ਰਿਹਾ। ਉਸ ਦੇ ਲੌਂਗੋਵਾਲ ਦੀਆਂ ਤੀਆਂ ਲੁੱਟਣ ਵਾਲੀ ਘਟਨਾ ਵੀ ਝੂਠ ਹੈ। ਅਸਲ ਵਿੱਚ ਤੀਆਂ ਵਾਲੇ ਦਿਨ ਉਹ ਉਸੇ ਲੜਕੀ ਨੂੰ ਸੰਧਾਰਾ ਦੇਣ ਲਈ ਲੌਂਗੋਵਾਲ ਜਾ ਰਿਹਾ ਸੀ। ਜਦੋਂ ਉਸ ਦਾ ਗਿਰੋਹ ਤੀਆਂ ਲਾਗੋਂ ਗੁਜ਼ਰਿਆ ਤਾਂ ਲੜਕੀਆਂ ਡਾਕੂਆਂ ਨੂੰ ਵੇਖ ਕੇ ਡਰ ਨਾਲ ਚੀਕਾਂ ਮਾਰ ਉੱਠੀਆਂ। ਉਹਨਾਂ ਸਮਿਆਂ ਵਿੱਚ ਡਾਕੂ ਗਹਿਣਿਆਂ ਸਮੇਤ ਲੜਕੀਆਂ ਚੁੱਕ ਕੇ ਲੈ ਜਾਂਦੇ ਹੁੰਦੇ ਸਨ। ਲੜਕੀਆਂ ਨੇ ਆਪਣੇ ਗਹਿਣੇ ਲਾਹ ਕੇ ਡਾਕੂਆਂ ਵੱਲ ਸੁੱਟ ਦਿੱਤੇ ਤੇ ਖੁਦ ਬਚਣ ਲਈ ਪਿੰਡ ਵੱਲ ਦੌੜ ਗਈਆਂ। ਜਿਊਣੇ ਨੇ ਬਥੇਰਾ ਰੋਕਿਆ, ਪਰ ਉਹ ਨਾ ਰੁਕੀਆਂ। ਉਸ ਨੇ ਸਾਰੇ ਗਹਿਣੇ ਚੁੱਕ ਕੇ ਆਪਣੀ ਮੂੰਹ ਬੋਲੀ ਭੈਣ ਨੂੰ ਜਾ ਫੜਾਏ ਤੇ ਨਾਲ ਚਾਂਦੀ ਦੇ ਰੁਪਈਆਂ ਦਾ ਥੈਲਾ ਦੇ ਕੇ ਕਿਹਾ ਕਿ ਸਾਰੀਆਂ ਕੁੜੀਆਂ ਦੇ ਗਹਿਣੇ ਵਾਪਸ ਕਰ ਕੇ ਆਵੇ ਤੇ ਨਾਲ ਦੋ-ਦੋ ਰੁਪਏ ਸ਼ਗਨ ਵੀ ਦੇਵੇ।

ਉਧਰ ਕਿਸ਼ਨਾ ਕਾਲੇ ਪਾਣੀ ਕੈਦ ਕੱਟ ਰਿਹਾ ਸੀ। ਕਰੀਬ ਅਠਾਰਾਂ

ਸਾਲਾਂ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਇੱਕ ਕੈਦੀ ਘੁੰਮਣ ਸਿੰਘ ਭੰਗੂ, ਪਿੰਡ ਫੁਲੇੜਾ, ਜਿਲ੍ਹਾ ਸੰਗਰੂਰ ਸਜ਼ਾ ਕੱਟ ਕੇ ਵਾਪਸ ਪੰਜਾਬ ਜਾ ਰਿਹਾ ਸੀ। ਕਿਸ਼ਨੇ ਨੇ ਡੋਗਰ ਦੀ ਗੱਦਾਰੀ ਬਾਰੇ ਸਾਰੀ ਰਾਮ ਕਹਾਣੀ ਇੱਕ ਚਿੱਠੀ ਵਿੱਚ ਲਿਖ ਕੇ ਉਸ ਨੂੰ ਸੌਂਪ ਦਿੱਤੀ ਤੇ ਤਾਕੀਦ ਕੀਤੀ ਕਿ ਜੇ ਮੇਰਾ ਕੋਈ ਭਰਾ ਜਿਊਂਦਾ ਹੋਇਆ ਤਾਂ ਇਹ ਚਿੱਠੀ ਹਰ ਹਾਲਤ ਵਿੱਚ ਉਸ ਨੂੰ ਪਹੁੰਚਾ ਦੇਵੀਂ। ਜੇ ਉਹ ਮਰਦ ਹੋਇਆ ਤਾਂ ਆਪੇ ਮੇਰਾ ਬਦਲਾ ਲੈ ਲਵੇਗਾ। ਘੁੰਮਣ ਸਿੰਘ ਜਦੋਂ ਪਿੰਡ ਮੌੜ ਪਹੁੰਚਿਆ ਤਾਂ ਬਿਸ਼ਨਾ ਸ਼ਾਇਦ ਮਰ ਚੁੱਕਾ ਸੀ। ਉਸ ਨੂੰ ਲੋਕਾਂ ਤੋਂ ਪਤਾ ਲੱਗਾ ਕਿ ਜਿਊਣਾ ਮਸ਼ਹੂਰ ਡਕੈਤ ਬਣ ਗਿਆ ਹੈ ਤੇ ਸਾਥੀਆਂ ਸਮੇਤ ਪਿੰਡ ਹੰਸ ਡੈਹਰ (ਜਿਲ੍ਹਾ ਜੀਂਦ, ਹਰਿਆਣਾ) ਦੀ ਬੀੜ ਵਿੱਚ ਪੜਾਉ ਕਰੀ ਬੈਠਾ ਹੈ। ਉਸ ਨੇ ਚਿੱਠੀ ਜਿਊਣੇ ਮੌੜ ਦੇ ਹੱਥ ਜਾ ਫੜਾਈ। ਕੁਝ ਘੁੰਮਣ ਸਿੰਘ ਦੇ ਮੂੰਹੋਂ ਕਿਸ਼ਨੇ ਦਾ ਸੁਨੇਹਾ ਸੁਣ ਕੇ ਤੇ ਕੁਝ ਚਿੱਠੀ ਪੜ੍ਹ ਕੇ ਜਿਊਣੇ ਦੇ ਕਲੇਜੇ ਨੂੰ ਅੱਗ ਲੱਗ ਗਈ। ਉਹ ਆਪਣੇ ਚਾਰ ਸਾਥੀਆਂ, ਅਤਰਾ, ਚਤਰਾ, ਦੇਵਾ ਚੇਲਾ ਅਤੇ ਦੂਲੋ ਨੂੰ ਨਾਲ ਲੈ ਕੇ ਡੋਗਰ ਦਾ ਫਸਤਾ ਵੱਢਣ ਲਈ ਚੱਲ ਪਿਆ। ਰਾਤ ਉਹਨਾਂ ਨੇ ਪਿੰਡ ਦੋਦੜੇ ਭਾਦੜੇ (ਥਾਣਾ ਬੁਢਲਾਡਾ, ਜਿਲ੍ਹਾ ਮਾਨਸਾ) ਨਾਥਾਂ ਦੇ ਡੇਰੇ 'ਚ ਕੱਟੀ। ਇਹ ਪਿੰਡ ਹਰਿਆਊ ਤੋਂ ਕਰੀਬ 10-12 ਕਿ.ਮੀ. ਦੀ ਵਾਟ 'ਤੇ ਹੈ। ਉਥੇ ਹੀ ਉਸ ਨੇ ਮਾਤਾ ਨੈਣਾ ਦੇਵੀ ਨੂੰ ਅਰਦਾਸ ਕਰਕੇ ਸਫਲਤਾ ਹਾਸਲ ਹੋਣ 'ਤੇ ਸੋਨੇ ਦਾ ਛੱਤਰ ਚੜ੍ਹਾਉਣ ਦੀ ਸੁੱਖਣਾ ਸੁੱਖੀ। ਅਗਲੇ ਦਿਨ ਉਹਨਾਂ ਨੇ ਦੋਦੜੇ ਭਾਦੜੇ ਦੇ ਖੇਤਾਂ ਵਿੱਚ ਇੱਕ ਖੂਹੀ 'ਤੇ ਬੈਠ ਕੇ ਡੋਗਰ ਨੂੰ ਮੁਕਾਬਲੇ ਲਈ ਲਲਕਾਰਨ ਵਾਸਤੇ ਰੁੱਕਾ ਲਿਖ ਕੇ ਇੱਕ ਆਜੜੀ ਦੇ ਹੱਥ ਭੇਜ ਦਿੱਤਾ। ਚਿੱਠੀ ਪੜ੍ਹ ਕੇ ਅਹਿਮਦ ਡੋਗਰ ਬਹੁਤ ਖੁਸ਼ ਹੋਇਆ ਕਿ ਅੱਜ 1000 ਰੁ. ਦਾ ਇਨਾਮ ਖੁਦ ਹੀ ਚੱਲ ਕੇ ਉਸ ਦੇ ਦਰਾਂ 'ਚ ਆਣ ਡਿੱਗਾ ਹੈ। ਡੋਗਰ ਦੀਆਂ ਦੋ ਪਤਨੀਆਂ ਸਨ। ਉਹਨਾਂ ਨੇ ਉਸ ਨੂੰ ਬਹੁਤ ਸਮਝਾਇਆ ਕਿ ਜਿਊਣਾ ਜਰੂਰ ਆਪਣੇ ਭਰਾ ਦਾ ਬਦਲਾ ਲੈਣ ਲਈ ਆਇਆ ਹੈ। ਇਸ ਲਈ ਹਥਿਆਰਬੰਦ ਹੋ ਕੇ ਪੂਰੀ ਤਿਆਰੀ ਨਾਲ ਆਇਆ ਹੋਵੇਗਾ, ਤੂੰ ਨਾ ਜਾ। ਪਰ ਲਾਲਚ ਵਿੱਚ ਅੰਨ੍ਹੇ ਹੋਏ ਹੰਕਾਰੀ ਡੋਗਰ ਨੇ ਫੜ੍ਹ

ਮਾਰੀ ਕਿ ਉਹ ਅੱਜ ਜਿਊਣੇ ਦਾ ਸਿਰ ਵੱਢ ਕੇ ਬਰਛੇ 'ਤੇ ਟੰਗ ਕੇ ਹੀ ਵਾਪਸ ਆਵੇਗਾ। ਉਹ ਹਥਿਆਰ ਲੈ ਕੇ ਆਪਣੇ 8-10 ਸਾਥੀਆਂ ਸਮੇਤ ਘੋੜਿਆਂ 'ਤੇ ਸਵਾਰ ਹੋ ਕੇ ਦੋਦੜੇ ਭਾਦੜੇ ਵੱਲ ਚੱਲ ਪਿਆ। ਜਿਊਣੇ ਦੇ ਨਾਮ ਦੀ ਐਨੀ ਦਹਿਸ਼ਤ ਸੀ ਕਿ ਡਰਦੇ ਮਾਰੇ ਡੋਗਰ ਦੇ ਸਾਰੇ ਸਾਥੀ ਰਸਤੇ ਵਿਚੋਂ ਹੌਲੀ ਹੌਲੀ ਖਿਸਕ ਗਏ ਤੇ ਡੋਗਰ ਇਕੱਲਾ ਰਹਿ ਗਿਆ। ਪਰ ਉਹ ਔਰਤਾਂ ਸਾਹਮਣੇ ਫੜ੍ਹ ਮਾਰ ਕੇ ਆਇਆ ਸੀ, ਇਸ ਲਈ ਸ਼ਰਮ ਦਾ ਮਾਰਿਆ ਵਾਪਸ ਨਾ ਮੁੜ ਸਕਿਆ।

ਉਸ ਨੂੰ ਇਕੱਲਾ ਆਉਂਦਾ ਵੇਖ ਕੇ ਜਿਊਣੇ ਨੇ ਉਸ ਦੀ ਬਹਾਦਰੀ ਦੀ ਤਾਰੀਫ ਕੀਤੀ ਕਿ ਬੰਦਾ ਤਾਂ ਦਲੇਰ ਆ। ਉਸ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਉਹ ਇਕੱਲਾ ਹੀ ਉਸ ਦਾ ਮੁਕਾਬਲਾ ਕਰੇਗਾ। ਆਹਮੋ ਸਾਹਮਣੇ ਹੋਣ 'ਤੇ ਉਸ ਨੇ ਡੋਗਰ ਨੂੰ ਉਸ ਦੀ ਗੱਦਾਰੀ ਯਾਦ ਕਰਵਾਈ ਤੇ ਪਹਿਲਾ ਵਾਰ ਕਰਨ ਲਈ ਵੰਗਾਰਿਆ। ਡੋਗਰ ਘਬਰਾ ਗਿਆ। ਕੰਬਦੇ ਹੱਥਾਂ ਨਾਲ ਚਲਾਈ ਉਸ ਦੀ ਗੋਲੀ ਨਿਸ਼ਾਨਾ ਉੱਕ ਗਈ ਤੇ ਜਿਊਣੇ ਦੀ ਪੱਗ ਦਾ ਸ਼ਮਲਾ ਪਾੜ ਕੇ ਲੰਘ ਗਈ। ਡੋਗਰ ਇੱਕ ਦਮ ਚਲਾਕੀ ਨਾਲ ਘੋੜੀ ਮੋੜ ਕੇ ਵਾਪਸ ਭਜਾਉਣ ਲੱਗਾ ਤਾਂ ਜਿਊਣੇ ਨੇ ਪੱਟ ਵਿੱਚ ਗੋਲੀ ਮਾਰ ਕੇ ਉਸ ਨੂੰ ਧਰਤੀ 'ਤੇ ਸੁੱਟ ਲਿਆ। ਜਿਊਣੇ ਨੇ ਪਹਿਲਾਂ ਤਾਂ ਡੋਗਰ ਨੂੰ ਤਸੱਲੀ ਨਾਲ ਕੁੱਟਿਆ ਤੇ ਫਿਰ ਕਿਰਪਾਨ ਨਾਲ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਉਸ ਦਾ ਸਿਰ ਅਤੇ ਜ਼ਿੰਮੇਵਾਰੀ ਦੀ ਚਿੱਠੀ ਖੂਹੀ ਦੀ ਮੌਣ 'ਤੇ ਰੱਖ ਕੇ ਉਹ ਆਪਣੇ ਪਿੰਡ ਪਹੁੰਚ ਗਿਆ। ਸਾਰੇ ਇਲਾਕੇ ਨੇ ਬੜੀਆਂ ਖੁਸ਼ੀਆਂ ਮਨਾਈਆਂ ਤੇ ਸੈਂਕੜੇ ਲੋਕਾਂ ਨੇ ਜਿਊਣੇ ਨੂੰ ਵਧਾਈਆਂ ਦਿੱਤੀਆਂ। ਸਾਰੇ ਪੰਜਾਬ ਵਿੱਚ ਉਸ ਦਾ ਨਾਮ ਮਸ਼ਹੂਰ ਹੋ ਗਿਆ। ਉਹ ਯਾਰ ਮਾਰ ਕਰਨ ਵਾਲਿਆਂ ਤੋਂ ਬਦਲਾ ਲੈਣ ਦਾ ਪ੍ਰਤੀਕ ਬਣ ਗਿਆ।

ਕੁਝ ਦਿਨਾਂ ਬਾਅਦ ਜਿਊਣੇ ਮੌੜ ਨੇ ਸੂਲਰ ਘਰਾਟ ਬਾਬੇ ਮੋਹਣ ਪੁਰੀ ਦੇ ਡੇਰੇ ਤੋਂ ਭਗਵੇਂ ਕਪੜੇ ਲਏ ਤੇ ਚਤਰੇ ਨੂੰ ਨਾਲ ਲੈ ਕੇ ਸੁੱਖ ਪੂਰੀ ਕਰਨ ਲਈ ਸਾਧੂ ਦੇ ਭੇਸ ਵਿੱਚ ਨੈਣਾ ਦੇਵੀ ਦੇ ਮੰਦਰ ਵੱਲ ਚੱਲ ਪਿਆ। ਡੋਗਰ

ਵਰਗੇ ਮੋਹਤਬਰ ਅਤੇ ਸਰਕਾਰ ਪੱਖੀ ਬੰਦੇ ਦੇ ਕਾਤਲ ਗ੍ਰਿਫਤਾਰ ਕਰਨ ਲਈ ਰਿਆਸਤੀ ਪੁਲਿਸ 'ਤੇ ਬਹੁਤ ਦਬਾਅ ਪੈ ਰਿਹਾ ਸੀ। ਜਿਊਣੇ ਦੇ ਇੱਕ ਸਾਥੀ ਬਚਨੇ ਨੇ ਇਨਾਮ ਦੇ ਲਾਲਚ ਵਿੱਚ ਮੁਖਬਰੀ ਕਰ ਦਿੱਤੀ ਕਿ ਜਿਊਣਾ ਮੌੜ ਸਾਉਣ ਦੀ ਅਸ਼ਟਮੀ ਨੂੰ ਖੁਦ ਛੱਤਰ ਚੜ੍ਹਉਣ ਲਈ ਮੰਦਰ ਪਹੁੰਚੇਗਾ। ਸੈਂਕੜੇ ਪੁਲਿਸ ਵਾਲਿਆਂ ਨੇ ਮੰਦਰ ਨੂੰ ਘੇਰਾ ਪਾ ਲਿਆ। ਜਿਊਣੇ ਮੌੜ ਦੇ ਨੱਕ 'ਤੇ ਕਾਫੀ ਸਮਾਂ ਪਹਿਲਾਂ ਉਸ ਦੀ ਘੋੜੀ ਨੇ ਪੌੜ ਮਾਰਿਆ ਸੀ ਜਿਸ ਕਾਰਨ ਜ਼ਖਮ ਦਾ ਡੂੰਘਾ ਨਿਸ਼ਾਨ ਸੀ। ਉਥੋਂ ਉਸ ਦੀ ਸ਼ਨਾਖਤ ਹੋ ਗਈ ਤਾਂ ਉਸ ਨੇ ਬਚਣ ਲਈ ਪਹਾੜੀ ਤੋਂ ਥੱਲੇ ਛਾਲ ਮਾਰ ਦਿੱਤੀ। ਪਰ ਖੱਡ ਵਿੱਚ ਡਿੱਗਣ ਕਾਰਨ ਸੱਜੀ ਲੱਤ ਉੱਪਰ ਗੰਭੀਰ ਸੱਟ ਲੱਗ ਗਈ ਤੇ ਉਹ ਚਤਰੇ ਸਮੇਤ ਪਕੜਿਆ ਗਿਆ। ਨੈਣਾ ਦੇਵੀ ਮੰਦਰ ਦੇ ਰਸਤੇ ਵਿੱਚ ਅਜੇ ਉਹ ਜਗ੍ਹਾ ਬਣੀ ਹੋਈ ਹੈ ਜਿੱਥੋਂ ਜਿਊਣੇ ਨੇ ਛਾਲ ਮਾਰੀ ਸੀ। ਪਰ ਚਤਰਾ ਮੁੱਕਰ ਗਿਆ ਕਿ ਇਹ ਜਿਊਣਾ ਮੌੜ ਹੈ। ਉਸ ਨੇ ਪੁਲਿਸ ਨੂੰ ਇਹ ਕਹਿ ਕੇ ਭੰਬਲਭੂਸੇ ਵਿੱਚ ਪਾ ਦਿੱਤਾ ਕਿ ਇਹ ਤਾਂ ਕੋਈ ਸਾਧੂ ਹੈ, ਮੇਲੇ ਵਿੱਚ ਮਿਲਿਆ ਸੀ। ਮੈਂ ਇਸ ਨੂੰ ਨਹੀਂ ਜਾਣਦਾ। ਪੁਲਿਸ ਵੀ ਸ਼ਸ਼ੋਪੰਜ ਵਿੱਚ ਪੈ ਗਈ ਕਿ ਕਿ ਕਿਤੇ ਸੱਚੀਂ ਇਹ ਕੋਈ ਸਾਧੂ ਹੀ ਨਾ ਹੋਵੇ। ਐਵੇਂ ਕੋਈ ਬੇਗੁਨਾਹ ਮਾਰਿਆ ਜਾਵੇ। ਉਹ ਮਾਰਨ ਦੀ ਬਜਾਏ ਜਿਊਣੇ ਨੂੰ ਗ੍ਰਿਫਤਾਰ ਕਰ ਕੇ ਸੰਗਰੂਰ ਲੈ ਆਏ। ਜੇਲ੍ਹ ਵਿੱਚ ਸ਼ਨਾਖਤ ਕਰਨ ਲਈ ਬੁਲਾਏ ਗਏ ਮੌੜ ਪਿੰਡ ਦੇ ਮੋਹਤਬਰਾਂ ਨੇ ਵੀ ਜਾਣ ਬੁਝ ਕੇ ਜਿਊਣੇ ਨੂੰ ਨਾ ਪਛਾਣਿਆ। ਪਰ ਸਕੇ ਭੈਣ ਭਰਾ ਦਾ ਪਿਆਰ ਨਹੀਂ ਲੁਕ ਸਕਦਾ। ਪੁਲਿਸ ਨੇ ਚਲਾਕੀ ਵਰਤੀ। ਉਹਨਾਂ ਨੇ ਜਿਊਣੇ ਮੌੜ ਦੀ ਭੈਣ ਬਿਸ਼ਨੀ ਨੂੰ ਜੇਲ੍ਹ ਵਿੱਚ ਲੈ ਆਂਦਾ। ਚੱਲ ਰਹੀ ਖੇਡ ਤੋਂ ਅਣਜਾਣ ਭੈਣ ਧਾਅ ਕੇ ਭਰਾ ਦੇ ਗਲ ਨੂੰ ਚੰਬੜ ਗਈ। ਜਿਊਣੇ 'ਤੇ ਸੰਗਰੂਰ ਦੀ ਕਚਿਹਰੀ ਵਿੱਚ ਮੁਕੱਦਮਾ ਚਲਾਇਆ ਗਿਆ। ਇੱਕ ਮਹੀਨੇ ਦੀ ਸੁਣਵਾਈ ਤੋਂ ਬਾਅਦ ਚਤਰੇ ਨੂੰ ਕਾਲਾ ਪਾਣੀ ਤੇ ਜਿਊਣੇ ਮੌੜ ਨੂੰ ਡਾਕਾਜ਼ਨੀ ਅਤੇ ਅਹਿਮਦ ਡੋਗਰ ਦੇ ਕਤਲ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ। ਉਸ ਨੂੰ 1903 ਈ. ਵਿੱਚ 43 ਸਾਲ ਦੀ ਉਮਰ ਵਿੱਚ ਫਾਂਸੀ 'ਤੇ ਲਟਕਾ ਦਿੱਤਾ ਗਿਆ। ਉਸ ਦਾ ਅੰਤਿਮ

ਸੰਸਕਾਰ ਹਜ਼ਾਰਾਂ ਲੋਕਾਂ ਦੇ ਇਕੱਠ ਵਿੱਚ ਪਿੰਡ ਮੌੜ ਵਿਖੇ ਕੀਤਾ ਗਿਆ। ਕਹਿੰਦੇ ਹਨ ਲੋਕਾਂ ਨੇ ਉਸ ਦੀ ਮੌਤ ਦਾ ਐਨਾ ਅਫਸੋਸ ਕੀਤਾ ਕਿ ਇਲਾਕੇ ਵਿੱਚ ਤਿੰਨ ਦਿਨ ਕੋਈ ਚੁਲ੍ਹਾ ਨਹੀਂ ਬਲਿਆ।

ਕਿਸ਼ਨਾ ਤੇ ਚਤਰਾ ਆਪੋ ਆਪਣੀ ਕੈਦ ਕੱਟ ਕੇ ਕਾਲੇ ਪਾਣੀ ਤੋਂ ਵਾਪਸ ਪਿੰਡ ਆ ਗਏ। ਕਿਸ਼ਨਾ ਅਰਾਮ ਨਾਲ ਖੇਤੀਬਾੜੀ ਕਰਨ ਲੱਗਾ ਤੇ 5-6 ਸਾਲ ਬਾਅਦ ਖੇਤਾਂ ਵਿੱਚ ਸੱਪ ਲੜ ਕੇ ਉਸ ਦੀ ਮੌਤ ਹੋ ਗਈ। ਪਰ ਚਤਰਾ ਕਾਫੀ ਦੇਰ ਤੱਕ ਜਿਉਂਦਾ ਰਿਹਾ। ਉਸ ਨੇ ਜੋ ਗੱਲਾਂ ਲੋਕਾਂ ਨੂੰ ਜਿਊਣੇ ਬਾਰੇ ਦੱਸੀਆਂ, ਉਹ ਸੀਨਾ ਬਸੀਨਾ ਅੱਗੇ ਚਲਦੀਆਂ ਆ ਰਹੀਆਂ ਹਨ। ਜਿਊਣੇ ਦਾ ਸਰੀਰ ਪਤਲਾ, ਫੁਰਤੀਲਾ, ਕੱਦ ਕਰੀਬ 5 ਫੁੱਟ 10 ਇੰਚ, ਰੰਗ ਗੰਧਮੀ, ਤਿੱਖੇ ਨੈਣ ਨਕਸ਼ ਤੇ ਕੁੜਤਾ ਚਾਦਰਾ ਪਹਿਨਦਾ ਸੀ। ਉਹ ਵੈਸ਼ਣੋ ਸੀ ਤੇ ਸ਼ਰਾਬ ਮੀਟ ਆਦਿ ਦੀ ਵਰਤੋਂ ਬਿਲਕੁਲ ਨਹੀਂ ਸੀ ਕਰਦਾ। ਉਸ ਦੇ ਕੇਸ ਬਹੁਤ ਲੰਬੇ ਸਨ ਪਰ ਦਾੜ੍ਹੀ ਵਿਰਲੀ ਅਤੇ ਛੋਟੀ ਸੀ। ਜਿਊਣੇ ਅਤੇ ਕਿਸ਼ਨੇ ਨੇ ਵਿਆਹ ਨਹੀਂ ਸੀ ਕਰਵਾਇਆ ਤੇ ਬਿਸ਼ਨੇ ਦੀ ਅੱਗੇ ਕੋਈ ਔਲਾਦ ਨਹੀਂ ਸੀ। ਪਿੰਡ ਵਿੱਚ ਉਸ ਦਾ ਬੁੱਤ ਲੱਗਾ ਹੋਇਆ ਹੈ ਤੇ ਹਰ ਸਾਲ 11, 12, 13 ਫੱਗਣ ਨੂੰ ਮੇਲਾ ਲੱਗਦਾ ਹੈ। ਪੰਜਾਬੀ ਫਿਲਮਾਂ ਵਾਲੇ ਹਰੇਕ ਲੋਕ ਨਾਇਕ ਦੀ ਫਿਲਮ ਬਣਾਉਣ ਲੱਗਿਆਂ ਉਸ ਨੂੰ ਕਲੀਨ ਸ਼ੇਵ ਵਿਖਾ ਦੇਂਦੇ ਜੋ ਠੀਕ ਨਹੀਂ ਹੈ। ਦੁੱਲੇ ਭੱਟੀ ਤੋਂ ਇਲਾਵਾ ਜੱਗਾ ਡਾਕੂ, ਸੁੱਚਾ ਸੂਰਮਾ ਅਤੇ ਜਿਊਣਾ ਮੌੜ ਤਿੰਨੇ ਕੇਸਧਾਰੀ ਸਨ। ਜੇ ਪੰਜਾਬੀ ਫਿਲਮਾਂ ਦੇ ਡਾਇਰੈਕਟਰ ਥੋੜ੍ਹਾ ਜਿਹਾ ਖੋਪੜੀ 'ਤੇ ਬੋਝ ਪਾ ਲਿਆ ਕਰਨ ਤਾਂ ਬਹੁਤ ਮਿਹਰਬਾਨੀ ਹੋਵੇਗੀ।

ਹੀਰ ਰਾਂਝੇ ਦੀ ਪ੍ਰੇਮ ਕਹਾਣੀ, ਕੀ ਉਸ ਸਮੇਂ ਦੇ ਸਮਾਜਕ ਹਾਲਾਤ ਮੁਤਾਬਕ ਸੰਭਵ ਸੀ?

ਪੰਜਾਬ ਦੀਆਂ ਤਿੰਨ ਸਭ ਤੋਂ ਪ੍ਰਸਿੱਧ ਪ੍ਰੇਮ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੋਹਨੀ ਮਹੀਵਾਲ ਵਿੱਚੋਂ ਹੀਰ ਰਾਂਝਾ ਸਭ ਤੋਂ ਵੱਧ ਮਕਬੂਲ ਹੈ। ਪਰ ਇਹ ਪ੍ਰੇਮ ਕਹਾਣੀ ਉਸ ਸਮੇਂ ਦੇ ਸਖਤ ਪਾਬੰਦੀਆਂ ਵਾਲੇ ਸਮਾਜਕ, ਰਾਜਨੀਤਕ ਅਤੇ ਧਾਰਮਿਕ ਹਾਲਾਤ ਦੀ ਕਸਵੱਟੀ 'ਤੇ ਕੱਸਿਆਂ ਕੁਝ ਜਿਆਦਾ ਹੀ ਅਗਾਂਹਵਧੂ ਲੱਗਦੀ ਹੈ। ਰਾਂਝੇ ਦਾ ਅਸਲ ਨਾਮ ਮੁਰਾਦ ਬਖਸ਼ (ਧੀਦੋ) ਸੀ। ਉਹ ਰਾਂਝਾ ਗੋਤਰ ਦੇ ਜੱਟ ਚੌਧਰੀ ਮੌਜੂ ਦਾ ਅੱਠਵਾਂ ਤੇ ਸਭ ਤੋਂ ਛੋਟਾ ਪੁੱਤਰ ਸੀ। ਉਸ ਦਾ ਪਿੰਡ ਤਖਤ ਹਜਾਰਾ ਹੁਣ ਪਾਕਿਸਤਾਨੀ ਪੰਜਾਬ ਦੇ ਸਰਗੋਧਾ ਜਿਲ੍ਹੇ ਵਿੱਚ ਪੈਂਦਾ ਹੈ। ਹੀਰ ਦਾ ਅਸਲ ਨਾਮ ਇੱਜ਼ਤ ਬੀਬੀ ਸੀ ਤੇ ਉਹ ਝੰਗ ਦੇ ਚੌਧਰੀ ਚੂਚਕ ਸਿਆਲ ਦੀ ਧੀ ਸੀ। ਇਹ ਕਹਾਣੀ ਲੋਧੀ ਵੰਸ਼ ਦੇ ਰਾਜ ਪਾਟ ਦੌਰਾਨ 1451 ਤੋਂ 1526 ਈਸਵੀ ਦੇ ਦਰਮਿਆਨ ਵਾਪਰੀ ਸੀ। ਝੰਗ ਸ਼ਹਿਰ ਵਿੱਚ ਬਣੀ ਹੀਰ ਰਾਂਝੇ ਦੀ ਕਬਰ 'ਤੇ ਉਹਨਾਂ ਦੇ ਮਰਨ ਦੀ ਮਿਤੀ ਸੰਨ 1471 ਈ. (876 ਹਿਜ਼ਰੀ) ਲਿਖੀ ਹੋਈ ਹੈ। ਹੀਰ ਰਾਂਝੇ ਦਾ ਕਿੱਸਾ ਸਭ ਤੋਂ ਪਹਿਲਾਂ ਕਵੀ ਦਮੋਦਰ ਦਾਸ ਗੁਲਾਟੀ ਨੇ ਲਿਖਿਆ ਸੀ। ਉਹ ਆਪਣੇ ਕਿੱਸੇ ਵਿੱਚ ਵਾਰ ਵਾਰ ਦਾਅਵਾ ਕਰਦਾ ਹੈ ਕਿ ਉਸ ਦੀ ਹੀਰ ਦੇ ਪਿੰਡ ਝੰਗ ਵਿੱਚ ਲੂਣ ਤੇਲ ਦੁਕਾਨ ਸੀ ਤੇ ਉਸ ਨੇ ਸਭ ਕੁਝ ਆਪਣੀ ਅੱਖੀਂ ਵੇਖਿਆ ਹੈ, "ਆਖ ਦਮੋਦਰ ਅੱਖੀਂ ਡਿੱਠਾ।"

ਪਰ ਇਸ ਕਹਾਣੀ ਨੂੰ ਸੰਸਾਰ ਵਿੱਚ ਅਮਰ ਕਰਨ ਦਾ ਸਿਹਰਾ ਪੰਜਾਬ ਦੇ ਸ਼ੈਕਸਪੀਅਰ ਸੱਯਦ ਵਾਰਿਸ ਸ਼ਾਹ ਦੇ ਸਿਰ ਬੱਝਦਾ ਹੈ। ਵਾਰਿਸ ਸ਼ਾਹ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਚੜ੍ਹਤ ਸਿੰਘ ਸ਼ੁਕਰਚੱਕੀਏ ਦਾ ਸਮਕਾਲੀ ਸੀ। ਉਸ ਦਾ ਪਿੰਡ ਜੰਡਿਆਲਾ ਸ਼ੇਰ ਖਾਨ ਗੁਜਰਾਂਵਾਲਾ ਦੇ ਅਧੀਨ ਹੀ ਆਉਂਦਾ ਸੀ। ਸ਼ਾਇਦ ਇਸੇ ਲਈ ਉਹ ਪਹਿਲਾਂ ਕਸੂਰ ਤੇ ਬਾਅਦ ਵਿੱਚ ਮਲਕਾ ਹਾਂਸ ਚਲਾ ਗਿਆ। ਇਸ ਅਮਰ ਸ਼ਾਹਕਾਰ ਦੀ ਰਚਨਾ ਉਸ ਨੇ 1766 ਈ. ਦੇ ਆਸ ਪਾਸ ਕੀਤੀ। ਦਮੋਦਰ ਦੀ ਹੀਰ ਸੁਖਾਂਤਕ ਹੈ ਪਰ ਵਾਰਿਸ ਸ਼ਾਹ

ਦੀ ਦੁਖਾਂਤਕ। ਦਮੋਦਰ ਦੇ ਕਿੱਸੇ ਵਿੱਚ ਹੀਰ ਰਾਂਝੇ ਦਾ ਮਿਲਾਪ ਹੋ ਜਾਂਦਾ ਹੈ ਪਰ ਵਾਰਿਸ ਸ਼ਾਹ ਦੇ ਕਿੱਸੇ ਮੁਤਾਬਕ ਦੋਵੇਂ ਮਾਰੇ ਜਾਂਦੇ ਹਨ। ਰਾਂਝਾ ਘਰ ਵਿਚ ਸਭ ਤੋਂ ਛੋਟਾ ਹੋਣ ਕਾਰਨ ਬਾਪ ਦਾ ਬਹੁਤ ਲਾਡਲਾ ਸੀ। ਪਰ ਚੌਧਰੀ ਮੌਜੂ ਦੇ ਮਰਨ ਤੋਂ ਬਾਅਦ ਉਹ ਭਾਬੀਆਂ ਦੇ ਤਾਹਨੇ ਮਿਹਣਿਆਂ ਤੋਂ ਤੰਗ ਆ ਕੇ ਘਰ ਛੱਡ ਕੇ ਹੀਰ ਦੇ ਪਿੰਡ ਝੰਗ ਚਲਾ ਜਾਂਦਾ ਹੈ। ਝੰਗ ਹੁਣ ਬਹੁਤ ਵੱਡਾ ਸ਼ਹਿਰ ਅਤੇ ਜਿਲ੍ਹਾ ਹੈੱਡਕਵਾਟਰ ਹੈ। ਉਥੇ ਉਹ ਚੂਚਕ ਕੋਲੋਂ ਮੱਝਾਂ ਚਾਰਨ ਦੀ ਨੌਕਰੀ ਪ੍ਰਾਪਤ ਕਰ ਲੈਂਦਾ ਹੈ। ਉਸ ਦੀ ਵੰਝਲੀ ਵਜਾਉਣ ਦੀ ਕਲਾ ਅਤੇ ਖੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਹੀਰ ਉਸ ਨੂੰ ਪਿਆਰ ਕਰਨ ਲੱਗ ਜਾਂਦੀ ਹੈ। ਪਰ ਕੈਦੋ ਨੂੰ ਪਤਾ ਲੱਗਣ 'ਤੇ ਉਸ ਦਾ ਵਿਆਹ ਜਬਰਦਸਤੀ ਰੰਗਪੁਰ ਖੇੜੇ ਦੇ ਚੌਧਰੀ ਸੈਦੇ ਖੇੜੇ ਨਾਲ ਕਰ ਦਿੱਤਾ ਜਾਂਦਾ ਹੈ।

ਰਾਂਝਾ ਯੋਗੀ ਬਣ ਕੇ ਹੀਰ ਦੇ ਪਿੱਛੇ ਪਿੱਛੇ ਰੰਗਪੁਰ ਖੇੜੇ ਪਹੁੰਚ ਜਾਂਦਾ ਹੈ। ਦੋਵੇਂ ਘਰੋਂ ਭੱਜਦੇ ਹੋਏ ਪਕੜ ਲਏ ਜਾਂਦੇ ਹਨ। ਪਰ ਕੇਸ ਅਦਾਲਤ ਵਿੱਚ ਚਲੇ ਜਾਣ ਤੇ ਇਲਾਕੇ ਦਾ ਇਨਸਾਫ ਪਸੰਦ ਹਾਕਮ ਹੀਰ ਰਾਂਝੇ ਨੂੰ ਸੌਂਪ ਦੇਂਦਾ ਹੈ। ਹੀਰ ਦੇ ਘਰ ਵਾਲੇ ਵੀ ਦੋਵੇਂ ਦੇ ਵਿਆਹ ਲਈ ਮੰਨ ਜਾਂਦੇ ਹਨ। ਜਦੋਂ ਰਾਂਝਾ ਬਰਾਤ ਲੈ ਕੇ ਆਉਂਦਾ ਹੈ ਤਾਂ ਕੈਦੋ ਹੀਰ ਨੂੰ ਜ਼ਹਿਰੀਲੇ ਲੱਡੂ ਖਵਾ ਦੇਂਦਾ ਹੈ। ਉਸ ਨੂੰ ਮਰਦੀ ਵੇਖ ਕੇ ਰਾਂਝਾ ਵੀ ਜ਼ਹਿਰ ਖਾ ਕੇ ਜਾਨ ਦੇ ਦੇਂਦਾ ਹੈ। ਦੋਵਾਂ ਦੀ ਸਾਂਝੀ ਕਬਰ ਝੰਗ ਸ਼ਹਿਰ ਵਿੱਚ ਫੈਸਲਾਬਾਦ ਰੋਡ ਦੇ ਨਜ਼ਦੀਕ ਇੱਕ ਬਹੁਤ ਪੁਰਾਣੇ ਕਬਰਿਸਤਾਨ ਵਿੱਚ ਹੈ। ਉਪਰੀ ਨਜ਼ਰੇ ਕਿੱਸਾ ਪੜ੍ਹਨ ਤੋਂ ਇਸ ਤਰਾਂ ਲੱਗਦਾ ਹੈ ਕਿ ਰਾਂਝਾ ਅਰਾਮ ਨਾਲ ਹੀ ਸੈਰ ਕਰਦਾ ਕਰਦਾ ਹੀਰ ਦੇ ਪਿੰਡ ਪਹੁੰਚ ਗਿਆ ਹੋਵੇਗਾ ਤੇ ਦੋਵੇਂ ਪਿੰਡ ਕੋਲ ਕੋਲ ਹੀ ਹੋਣਗੇ। ਪਰ ਇਹ ਕਹਾਣੀ ਵਿਸ਼ਾਲ ਭੂਗੋਲਿਕ ਖੇਤਰ ਵਿੱਚ ਫੈਲੀ ਹੋਈ ਹੈ। ਤਖਤ ਹਜ਼ਾਰਾ ਅਤੇ ਝੰਗ ਦੋਵੇਂ ਪਾਕਿਸਤਾਨ ਵਿੱਚ ਚਨਾਬ ਦਰਿਆ ਦੇ ਕਿਨਾਰੇ ਪੈਂਦੇ ਹਨ ਤੇ ਇਹਨਾਂ ਦਾ ਆਪਸੀ ਫਾਸਲਾ 190 ਕਿ.ਮੀ. ਦੇ ਕਰੀਬ ਹੈ। ਉਸ ਸਮੇਂ ਦੋਵਾਂ ਸ਼ਹਿਰਾਂ ਵਿੱਚ ਯਾਤਾਯਾਤ ਦਾ ਮੁੱਖ ਸਾਧਨ ਕਿਸ਼ਤੀਆਂ ਸਨ। ਰਾਂਝਾ ਵੀ ਕਿਸ਼ਤੀ ਰਾਹੀਂ ਹੀ ਗਿਆ ਸੀ। ਇਸ ਤੋਂ ਇਲਾਵਾ ਟਿੱਲਾ ਯੋਗੀਆਂ (ਗੋਰਖ ਨਾਥ ਦਾ ਟਿੱਲਾ, ਜਿਲ੍ਹਾ ਜੇਹਲਮ, ਪਾਕਿਸਤਾਨ) ਝੰਗ ਸਿਆਲ ਤੋਂ ਕਰੀਬ 315 ਕਿ.ਮੀ. ਦੂਰ

ਹੈ। ਝੰਗ ਤੋਂ ਰੰਗਪੁਰ ਖੇੜੇ (ਹੀਰ ਦਾ ਸਹੁਰਾ ਪਿੰਡ) 130 ਕਿ.ਮੀ. ਤੇ ਤਖਤ ਹਜ਼ਾਰੇ ਤੋਂ 300 ਕਿ.ਮੀ. ਦੂਰੀ 'ਤੇ ਹਨ। ਇਸ ਲਈ ਲੱਗਦਾ ਹੈ ਕਿ ਹੀਰ ਨੂੰ ਪ੍ਰਾਪਤ ਕਰਨ ਦੀ ਲਗਨ ਵਿੱਚ ਰਾਂਝੇ ਨੂੰ ਮਹੀਨਿਆਂ ਬੱਧੀ ਕਠਿਨ ਪੈਦਲ ਸਫਰ ਕਰਨਾ ਪਿਆ ਹੋਵੇਗਾ।

ਰਾਂਝਾ ਘਰ ਵਿੱਚ ਸਭ ਤੋਂ ਛੋਟਾ ਹੋਣ ਕਾਰਨ ਲਾਡਲਾ ਅਤੇ ਕੰਮ ਚੋਰ ਸੀ। ਪਿਉ ਦੀ ਮੌਤ ਤੋਂ ਬਾਅਦ ਉਸ ਨੇ ਕੁਝ ਦਿਨ ਖੇਤਾਂ ਵਿੱਚ ਕੰਮ ਕੀਤਾ। ਭਰਾਵਾਂ ਨੇ ਜ਼ਮੀਨ ਦੀ ਵੰਡ ਕਰ ਲਈ ਤੇ ਜਾਣ ਬੁੱਝ ਕੇ ਉਸ ਨੂੰ ਬੰਜਰ ਜ਼ਮੀਨ ਦੇ ਦਿੱਤੀ। ਮਾੜੀ ਜ਼ਮੀਨ ਮਿਲਣ ਕਾਰਨ ਇੱਕ ਦਿਨ ਉਹ ਬੂਝੇ ਪੁੱਟਦਾ ਹੋਇਆ ਗਰਮੀ ਕਾਰਨ ਬੇਹੋਸ਼ ਹੋ ਗਿਆ। ਜਿਸ ਨੇ ਖੇਤੀਬਾੜੀ ਕੀਤੀ ਹੋਵੇ ਉਸ ਨੂੰ ਪਤਾ ਹੋਵੇਗਾ ਕਿ ਕਿਰਸਾਨੀ ਦਾ ਸਭ ਤੋਂ ਸੌਖਾ ਕੰਮ ਡੰਗਰ ਚਾਰਨ ਦਾ ਹੁੰਦਾ ਹੈ। ਘਰ ਦੇ ਬਜ਼ੁਰਗ ਜਾਂ ਸਭ ਤੋਂ ਨਲਾਇਕ ਵਿਅਕਤੀ ਨੂੰ ਇਹ ਕੰਮ ਸੌਂਪਿਆ ਜਾਂਦਾ ਹੈ। ਉਸ ਜ਼ਮਾਨੇ ਵਿੱਚ ਪਸ਼ੂਆਂ ਦੇ ਚਰਨ ਲਈ ਬਹੁਤ ਵੱਡੀਆਂ ਚਰਾਂਦਾਂ ਛੱਡੀਆਂ ਜਾਂਦੀਆਂ ਸਨ। ਮੱਝਾਂ ਆਪੇ ਚਰੀ ਜਾਂਦੀਆਂ ਹਨ ਤੇ ਅਰਾਮ ਨਾਲ ਵੰਝਲੀ ਵਜਾਈ ਜਾਉ। ਹੀਰ ਦੇ ਪਿੰਡ ਝੰਗ ਪਹੁੰਚ ਕੇ ਵੀ ਉਸ ਨੇ ਇਹੀ ਅਸਾਨ ਕੰਮ ਚੁਣਿਆ। ਸਭ ਤੋਂ ਜਿਆਦਾ ਵਿਚਾਰਨ ਯੋਗ ਨੁਕਤਾ ਹੈ ਹੀਰ ਅਤੇ ਰਾਂਝੇ ਦੀ ਉਮਰ। ਜਦੋਂ ਹੀਰ ਤੇ ਰਾਂਝਾ ਮਿਲੇ, ਉਦੋਂ ਰਾਂਝਾ 20-22 ਸਾਲ ਅਤੇ ਹੀਰ 18-19 ਸਾਲ ਦੀ ਹੋਵੇਗੀ। ਹੀਰ ਪੂਰੀ ਜਵਾਨ ਸੀ ਕਿਉਂਕਿ ਉਸ ਨੇ ਲੁੱਡਣ ਮਲਾਹ ਦੀ ਬੇਇੱਜ਼ਤੀ ਕਰਨ ਦੇ ਮਸਲੇ 'ਤੇ ਬੇੜੇ ਦੇ ਮਾਲਕ ਨੂਰੇ ਨਾਲ ਲੜਾਈ ਕੀਤੀ ਸੀ। ਹੀਰ ਰਾਂਝੇ ਦਾ ਪਿਆਰ 12 ਸਾਲ ਤੱਕ ਚੱਲਦਾ ਰਿਹਾ। ਮਤਲਬ ਹੀਰ 30-32 ਸਾਲ ਦੀ ਹੋ ਗਈ ਤੇ ਰਾਂਝਾ 34-35 ਸਾਲ ਦਾ। ਉਸ ਜ਼ਮਾਨੇ ਵਿੱਚ ਹਿੰਦੂ-ਮੁਸਲਮਾਨਾਂ ਵਿੱਚ ਬਾਲ ਵਿਆਹ ਦਾ ਆਮ ਰਿਵਾਜ਼ ਸੀ। ਲੜਕੀ ਵਿੱਚ ਜਵਾਨੀ ਦੇ ਲੱਛਣ ਨਜ਼ਰ ਆਉਣ ਸਾਰ ਹੀ ਉਸ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਇਹ ਵਿਚਾਰਨ ਵਾਲੀ ਗੱਲ ਹੈ ਕਿ ਹੀਰ ਦਾ ਵਿਆਹ ਐਨੀ ਵੱਡੀ ਉਮਰ ਤੱਕ ਕਿਉਂ ਨਾ ਕੀਤਾ ਗਿਆ?

ਹੀਰ ਵਿਆਹ ਤੋਂ ਬਾਅਦ ਆਪਣੇ ਸਹੁਰੇ ਪਿੰਡ ਰੰਗਪੁਰ ਖੇੜੇ (ਮੌਜੂਦਾ ਜਿਲ੍ਹਾ ਮੁਜੱਫਰਾਬਾਦ, ਪਾਕਿਸਤਾਨ) ਚਲੀ ਗਈ। ਰੰਗਪੁਰ ਖੇੜਾ ਝੰਗ ਤੋਂ

130-132 ਕਿ.ਮੀ. ਪੈਂਦਾ ਹੈ। ਹੀਰ ਨੂੰ ਐਨੀ ਦੂਰ ਵਿਆਹੁਣ ਦਾ ਕਾਰਨ ਸ਼ਾਇਦ ਇਸ਼ਕ ਕਾਰਨ ਉਸ ਦੀ ਹੋ ਰਹੀ ਬਦਨਾਮੀ ਤੋਂ ਬਚਣਾ ਹੋਵੇ। ਹੀਰ ਨੂੰ ਮਿਲਣ ਲਈ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਰਾਂਝਾ ਯੋਗ ਲੈਣ ਲਈ ਟਿੱਲਾ ਯੋਗੀਆਂ ਪਹੁੰਚ ਗਿਆ। ਯੋਗੀ ਕਿਸੇ ਨੂੰ, ਖਾਸ ਤੌਰ ਤੇ ਦੂਸਰੇ ਧਰਮ ਵਾਲੇ ਨੂੰ ਜਾਂਦਿਆਂ ਹੀ ਯੋਗ ਨਹੀਂ ਸਨ ਦੇ ਦੇਂਦੇ। ਉਹਨਾਂ ਨੇ ਵੀ 2-4 ਸਾਲ ਸਾਲ ਰਾਂਝੇ ਕੋਲੋਂ ਸੇਵਾ ਕਰਵਾਈ ਹੋਵੇਗੀ। ਇਸ ਕਾਰਨ ਹੀਰ 34-35 ਸਾਲ ਦੀ ਹੋ ਗਈ ਤੇ ਰਾਂਝਾ 40-42 ਸਾਲ ਦਾ। ਹੈਰਾਨੀ ਦੀ ਗੱਲ ਹੈ ਕਿ ਉਹਨਾਂ ਦਾ ਇਸ਼ਕ ਐਨੀ ਸਿਆਣੀ ਉਮਰ ਵਿੱਚ ਵੀ ਚੱਲਦਾ ਰਿਹਾ। ਇਹ ਗੱਲ ਹਾਸੋ ਹੀਣੀ ਵੀ ਲੱਗਦੀ ਹੈ। ਸੈਦੇ ਵਰਗੇ ਅੱਖੜ ਚੌਧਰੀ ਵੱਲੋਂ ਆਪਣੀ ਪਤਨੀ ਨੂੰ ਐਨੀ ਅਸਾਨੀ ਨਾਲ ਛੱਡ ਦੇਣ ਵਾਲੀ ਗੱਲ ਵੀ ਹਜ਼ਮ ਨਹੀਂ ਹੁੰਦੀ। ਉਹ ਚੰਗੇ ਭਲੇ ਤਕੜੇ ਖਾਨਦਾਨ ਦਾ ਸੀ। ਉਸ ਨੂੰ ਤਾਂ ਲੋਕਾਂ ਨੇ ਤਾਹਨੇ ਮਿਹਣੇ ਮਾਰ ਕੇ ਸ਼ੁਦਾਈ ਕਰ ਦੇਣਾ ਸੀ ਕਿ ਉਸ ਦੀ ਪਤਨੀ ਕਿਸੇ ਹੋਰ ਨਾਲ ਉੱਧਲ ਗਈ ਹੈ। ਕਿਸੇ ਇੱਜ਼ਤਦਾਰ ਬੰਦੇ ਲਈ ਤਾਂ ਅੱਜ ਦੇ ਆਧੁਨਿਕ ਸਮੇਂ ਵਿੱਚ ਵੀ ਆਪਣੀ ਪਤਨੀ ਉਸ ਦੇ ਆਸ਼ਕ ਨੂੰ ਸੌਂਪ ਦੇਣੀ ਅਣਹੋਣੀ ਗੱਲ ਹੈ। ਹਰੇਕ ਦੂਸਰੇ ਚੌਥੇ ਹਫਤੇ ਅਜਿਹੇ ਮਾਮਲਿਆਂ ਵਿੱਚ ਕਤਲ ਹੋਣ ਦੀਆਂ ਖਬਰਾਂ ਛਪਦੀਆਂ ਰਹਿੰਦੀਆਂ ਹਨ। ਉਸ ਜ਼ਮਾਨੇ ਵਿੱਚ ਤਾਂ ਰਾਂਝੇ ਹੀਰ ਦਾ ਕਤਲ ਹੋਣਾ ਸੌ ਫੀਸਦੀ ਲਾਜ਼ਮੀ ਸੀ। ਇਸ ਤੋਂ ਇਲਾਵਾ ਰਾਂਝੇ ਨੇ ਭਾਬੀਆਂ ਦੇ ਤਾਹਨੇ ਮਿਹਣਿਆਂ ਤੋਂ ਦੁਖੀ ਹੋ ਕੇ ਘਰ ਛੱਡਿਆ ਸੀ, ਫਿਰ ਦੁਬਾਰਾ ਉਹਨਾਂ ਬੇਮੁਰੱਵਤ ਭਰਾਵਾਂ ਭਰਜਾਈਆਂ ਨੂੰ ਆਪਣੀ ਬਰਾਤ ਵਿੱਚ ਲਿਜਾਉਣ ਲਈ ਤਖਤ ਹਜ਼ਾਰੇ ਜਾਣਾ ਵੀ ਠੀਕ ਨਹੀਂ ਲੱਗਦਾ।

ਪਰ ਕਲਮ ਦੇ ਜਾਦੂਗਰ ਵਾਰਿਸ ਸ਼ਾਹ ਨੇ ਜਿਸ ਖੂਬੀ ਨਾਲ ਇਸ ਕਿੱਸੇ ਦਾ ਤਾਣਾ ਬਾਣਾ ਬੁਣਿਆ ਹੈ, ਕਿਸੇ ਦਾ ਧਿਆਨ ਇਹਨਾਂ ਉਕਾਈਆਂ ਵੱਲ ਨਹੀਂ ਜਾਂਦਾ। ਹਰ ਬੰਦਾ ਉਸ ਦੇ ਹੀਰੇ ਮੋਤੀਆਂ ਵਾਂਗ ਪਰੋਏ ਹੋਏ ਸ਼ਬਦ ਜਾਲ ਵਿੱਚ ਮਗਨ ਹੋ ਕੇ ਰਹਿ ਜਾਂਦਾ ਹੈ ਤੇ ਹੋਰ ਕਿਸੇ ਚੀਜ ਦੀ ਸੁੱਧ ਨਹੀਂ ਰਹਿੰਦੀ।

ਕੀ ਮਿਰਜ਼ੇ ਦੀ ਮੌਤ ਲਈ ਸਾਹਿਬਾਂ ਜ਼ਿੰਮੇਵਾਰ ਸੀ?

" ਸਾਹਿਬਾਂ ਬਣੀ ਭਰਾਵਾਂ ਦੀ, ਭਾਈਆਂ ਤੋਂ ਯਾਰ ਮਰਾ 'ਤਾ "

ਪੰਜਾਬ ਦੇ ਸਾਰੇ ਛੋਟੇ ਵੱਡੇ ਗਵੱਈਆਂ ਨੇ ਮਰਦ ਪ੍ਰਧਾਨ ਸਮਾਜ ਹੋਣ ਕਾਰਨ ਬੇਕਸੂਰ ਸਾਹਿਬਾਂ ਨੂੰ ਪਾਣੀ ਪੀ ਪੀ ਕੇ ਕੋਸਿਆ ਹੈ। ਪੰਜਾਬ ਦੀਆਂ ਲੋਕ ਕਥਾਵਾਂ ਵਿੱਚ ਸਭ ਤੋਂ ਜਿਆਦਾ ਬੇਇਨਸਾਫੀ ਜੇ ਕਿਸੇ ਕਿਰਦਾਰ ਨਾਲ ਹੋਈ ਹੈ ਤਾਂ ਸਾਹਿਬਾਂ ਨਾਲ। ਉਸ ਨੂੰ ਧੋਖੇਬਾਜ਼, ਯਾਰ ਮਰਵਾਉਣ ਵਾਲੀ ਤੇ ਪਤਾ ਨਹੀਂ ਕੀ ਕੀ ਕਹਿ ਕੇ ਬਦਨਾਮ ਕੀਤਾ ਗਿਆ ਹੈ। ਸਾਹਿਬਾਂ ਨੂੰ ਭੰਡਣ ਵਾਲਿਆਂ ਜਰਾ ਇਸ ਗੱਲ 'ਤੇ ਵੀ ਗੌਰ ਕਰਨਾ ਚਾਹੀਦਾ ਹੈ ਕਿ ਜੇ ਕੋਈ ਪ੍ਰੇਮੀ, ਪ੍ਰੇਮਿਕਾ ਨੂੰ ਵਿਆਹ ਵਾਲੇ ਦਿਨ ਲੈ ਕੇ ਫਰਾਰ ਹੋ ਜਾਵੇ ਤੇ ਫਿਰ ਰਸਤੇ ਵਿੱਚ ਘਾਤ ਲਾ ਕੇ ਉਸ ਦੇ ਭਰਾਵਾਂ ਨੂੰ ਕਤਲ ਕਰਨ ਦੀਆਂ ਤਰਕੀਬਾਂ ਬਣਾਵੇ ਤਾਂ ਪ੍ਰੇਮਿਕਾ ਦੇ ਸਾਹਮਣੇ ਹੋਰ ਕੀ ਰਸਤਾ ਬਚਦਾ ਹੈ? ਕੀ ਉਸ ਨੂੰ ਅੱਖਾਂ ਸਾਹਮਣੇ ਆਪਣੇ ਬੇਕਸੂਰ ਸਕੇ ਭਰਾਵਾਂ ਨੂੰ ਮਰਦੇ ਵੇਖਣਾ ਚਾਹੀਦਾ ਹੈ?

ਮਿਰਜ਼ਾ ਸਾਹਿਬਾਂ ਦੀ ਕਹਾਣੀ ਬਾਰੇ ਵੈਸੇ ਤਾਂ ਸਾਰੇ ਜਾਣਦੇ ਹੀ ਹਨ, ਪਰ ਫਿਰ ਵੀ ਮੋਟਾ ਮੋਟਾ ਇਸ ਤਰਾਂ ਹੈ। ਮਿਰਜ਼ਾ ਸਾਹਿਬਾਂ ਦੀ ਇਸ਼ਕ ਕਹਾਣੀ 17ਵੀਂ ਸਦੀ ਵਿੱਚ ਵਾਪਰੀ ਸੀ। ਸਾਹਿਬਾਂ ਖੀਵੇ ਪਿੰਡ ਦੇ ਚੌਧਰੀ ਮਾਹਣੀ ਖਾਨ ਸਿਆਲ ਦੀ ਧੀ ਸੀ ਜੋ ਹੁਣ ਪਾਕਿਸਤਾਨੀ ਪੰਜਾਬ ਦੇ ਝੰਗ ਜਿਲ੍ਹੇ ਵਿੱਚ ਪੈਂਦਾ ਹੈ। ਮਿਰਜ਼ਾ ਗੰਜੀ ਬਾਰ ਦੇ ਪਿੰਡ ਦਾਨਾਬਾਦ, ਹੁਣ ਤਹਿਸੀਲ ਜੜ੍ਹਾਂ ਵਾਲਾ, ਜਿਲ੍ਹਾ ਫੈਸਲਾਬਾਦ ਦੇ ਚੌਧਰੀ ਵੰਜ਼ਲ ਖਾਨ ਖਰਲ ਦਾ ਪੁੱਤਰ ਸੀ। ਦੋਵਾਂ ਪਿੰਡਾਂ ਵਿੱਚ ਫਾਸਲਾ 80-90 ਕਿ.ਮੀ. ਦੇ ਕਰੀਬ ਹੈ। ਸਾਹਿਬਾਂ ਮਿਰਜ਼ੇ ਦੇ ਸਕੇ ਮਾਮੇ ਦੀ ਧੀ ਸੀ। ਮਿਰਜ਼ੇ ਨੂੰ ਪੜ੍ਹਨ ਲਈ ਉਸ ਦੀ ਮਾਸੀ ਬੀਬੋ ਕੋਲ ਨਾਨਕੇ ਭੇਜਿਆ ਗਿਆ ਜਿੱਥੇ ਉਸ ਦਾ ਸਾਹਿਬਾਂ ਨਾਲ ਪਿਆਰ ਪੈ ਗਿਆ। ਵੰਜ਼ਲ ਖਾਨ ਨੇ ਵੀ ਮਿਰਜ਼ੇ ਦੀ ਮਾਂ ਨਾਲ ਘਰੋਂ ਭਜਾ ਕੇ ਵਿਆਹ ਕਰਵਾਇਆ ਸੀ। ਇਸ ਖੁੰਦਕ ਕਾਰਨ ਮਾਹਣੀ ਖਾਨ ਨੇ ਮਿਰਜ਼ਾ-ਸਾਹਿਬਾਂ ਦਾ ਰਿਸ਼ਤਾ ਮੰਨਜ਼ੂਰ ਕਰਨ ਤੋਂ ਨਾਂਹ

ਕਰ ਦਿੱਤੀ ਤੇ ਸਾਹਿਬਾਂ ਦੀ ਮੰਗਣੀ ਚੰਧੜ੍ਹ ਗੋਤਰ ਦੇ ਜੱਟ ਤਾਹਿਰ ਖਾਨ ਨਾਲ ਪੱਕੀ ਕਰ ਦਿੱਤੀ। ਮਿਰਜ਼ਾ ਪਤਾ ਲੱਗਣ 'ਤੇ ਵਿਆਹ ਤੋਂ ਪਹਿਲੀ ਰਾਤ ਸਾਹਿਬਾਂ ਨੂੰ ਕੱਢ ਕੇ ਲੈ ਗਿਆ ਪਰ ਰਸਤੇ ਵਿੱਚ ਅਰਾਮ ਕਰਨ ਲਈ ਸੌਂ ਗਿਆ। ਸਾਹਿਬਾਂ ਨੇ ਬਹੁਤ ਵਾਸਤੇ ਪਾਏ ਕਿ ਦਾਨਾਬਾਦ ਪਹੁੰਚਿਆ ਜਾਵੇ ਪਰ ਹੰਕਾਰਿਆ ਹੋਇਆ ਮਿਰਜ਼ਾ ਨਾ ਮੰਨਿਆ। ਸਾਹਿਬਾਂ ਦੇ ਸਮਝਾਉਣ ਦੇ ਬਾਵਜੂਦ ਸਗੋਂ ਅੱਗੋਂ ਸ਼ੇਖੀਆਂ ਮਾਰਨ ਲੱਗਾ,

"ਕੋਈ ਨਹੀਂ ਦੀਹਦਾ ਸੂਰਮਾ, ਜੋ ਮੈਨੂੰ ਹੱਥ ਕਰੇ।
ਮੈਂ ਕਟਕ ਭਿੜਾਂ ਦਿਆਂ ਟੱਕਰੀਂ, ਮੈਥੋਂ ਮੌਤ ਡਰੇ।
ਵਲ ਵਲ ਵੱਢ ਦਿਆਂ ਸੂਰਮੇ, ਜਿਉਂ ਖੇਤੀਂ ਪੈਣ ਗੜੇ।
ਮੈਂ ਵੱਢ ਕੇ ਸਿਰ ਸਿਆਲਾਂ ਦੇ, ਸੁਟੂੰਗਾ ਵਿੱਚ ਰੜੇ।"

ਹੀਰ ਚਾਹੇ ਮਿਰਜ਼ੇ ਨਾਲ ਪਿਆਰ ਕਰਦੀ ਸੀ ਪਰ ਉਸ ਦਾ ਆਪਣੇ ਭਰਾਵਾਂ ਨਾਲ ਕੋਈ ਅਜਿਹਾ ਵੈਰ ਵਿਰੋਧ ਨਹੀਂ ਸੀ ਕਿ ਉਹਨਾਂ ਦੇ ਕਤਲ ਕਰਵਾ ਦਿੰਦੀ। ਆਖਰ ਅੰਮਾਂ ਜੰਮੇ ਭਰਾਵਾਂ ਦੇ ਪਿਆਰ ਅੱਗੇ ਮਿਰਜ਼ੇ ਦਾ ਇਸ਼ਕ ਹਾਰ ਗਿਆ। ਉਸ ਨੇ ਸੁੱਤੇ ਪਏ ਮਿਰਜ਼ੇ ਦੇ ਤੀਰ ਤੋੜ ਦਿੱਤੇ। ਚੰਧੜਾਂ ਅਤੇ ਸਿਆਲਾਂ ਦੀ ਧਾੜ ਨੇ ਦੋਵਾਂ ਨੂੰ ਘੇਰ ਕੇ ਕਤਲ ਕਰ ਦਿੱਤਾ।

ਕਿੱਸਾਕਾਰ ਪੀਲੂ ਨੇ ਮਿਰਜ਼ੇ ਦਾ ਕਿਰਦਾਰ ਬਹੁਤ ਬਹਾਦਰ ਤੇ ਸ਼ਕਤੀਸ਼ਾਲੀ ਚਿਤਰਿਆ ਹੈ ਤੇ ਉਸ ਦੀ ਮੌਤ ਦਾ ਇੱਕੋ ਇੱਕ ਕਾਰਨ ਸਾਹਿਬਾਂ ਵੱਲੋਂ ਤੀਰ ਤੋੜਨਾ ਦੱਸਿਆ ਹੈ। ਪਰ ਅਸਲ ਵਿੱਚ ਅਜਿਹੀ ਗੱਲ ਨਹੀਂ ਲੱਗਦੀ। ਮਿਰਜ਼ੇ ਦੀ ਕਹਾਣੀ ਨੂੰ ਜੇ ਸੱਚ ਦੀ ਕਸਵੱਟੀ 'ਤੇ ਕੱਸਿਆ ਜਾਵੇ ਤਾਂ ਉਸ ਦੀ ਮੌਤ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਹੈ ਉਸ ਦਾ ਅੱਤ ਦਾ ਹੈਂਕੜਬਾਜ਼ ਅਤੇ ਕਿਸੇ ਦੀ ਗੱਲ ਨਾ ਮੰਨਣ ਵਾਲਾ ਹੋਣਾ। ਉਸ ਨੂੰ ਆਪਣੇ ਆਪ ਅਤੇ ਘੋੜੀ ਬੱਕੀ ਉੱਪਰ ਲੋੜ ਤੋਂ ਵੱਧ ਵਿਸ਼ਵਾਸ ਸੀ।

"ਬਹਿ ਨਾਲ ਯਕੀਨ ਦੇ, ਮੇਰੀ ਬੱਕੀ ਨਾ ਨਿੰਦ ਕੇ ਜਾ,
ਨੀ ਇਹ ਪਾਣੀ ਪੀਂਦੀ ਅੰਬਰੋਂ, ਅਰਸ਼ਾਂ ਤੋਂ ਚੁੱਗਦੀ ਘਾਹ"

ਮਿਰਜ਼ੇ ਨੇ ਸਾਹਿਬਾਂ ਨੂੰ ਲੈ ਕੇ ਦਾਨਾਬਾਦ ਪਹੁੰਚਣ ਦੀ ਕਾਹਲੀ ਵਿੱਚ

ਬੱਕੀ 'ਤੇ ਜ਼ਰੂਰਤ ਤੋਂ ਜਿਆਦਾ ਦਬਾਅ ਪਾ ਦਿੱਤਾ। ਬੱਕੀ ਇੱਕ ਦਿਨ ਪਹਿਲਾਂ ਹੀ ਮਿਰਜ਼ੇ ਨੂੰ ਲੈ ਕੇ ਖੀਵੇ ਪਹੁੰਚੀ ਸੀ। ਅਗਲੇ ਦਿਨ ਤੜਕੇ ਹੀ ਬਿਨਾਂ ਅਰਾਮ ਕੀਤੇ ਮਿਰਜ਼ਾ-ਸਾਹਿਬਾਂ ਨੂੰ ਲੈ ਕੇ ਵਾਪਸ ਦਾਨਾਬਾਦ ਨੂੰ ਚੱਲ ਪਈ। ਦੋ ਸਵਾਰਾਂ ਦਾ ਭਾਰ ਲੈ ਕੇ 80 ਕਿ.ਮੀ. ਸਫਰ ਨਿਰੰਤਰ ਤੇਜੀ ਨਾਲ ਤਹਿ ਕਰਨਾ ਚੰਗੀ ਤੋਂ ਚੰਗੀ ਨਸਲ ਦੇ ਘੋੜੇ ਲਈ ਵੀ ਸੰਭਵ ਨਹੀਂ ਹੈ। ਸਭ ਤੋਂ ਵਧੀਆ ਨਸਲ ਦੇ ਘੋੜੇ (ਅਰਬੀ ਅਤੇ ਥੈਰੋਬਰੈਡ) ਦੀ ਪੂਰੀ ਰਫਤਾਰ (ਗੈਲੋਪਿੰਗ) ਵੀ ਵੱਧ ਤੋਂ ਵੱਧ 40-50 ਕਿ.ਮੀ. ਪ੍ਰਤੀ ਘੰਟਾ ਹੀ ਹੁੰਦੀ ਹੈ। ਪਰ ਘੋੜਾ ਐਨੀ ਰਫਤਾਰ ਨਾਲ ਲਗਾਤਾਰ 1-2 ਕਿ.ਮੀ. ਤੋਂ ਜਿਆਦਾ ਨਹੀਂ ਦੌੜ ਸਕਦਾ। ਘੋੜੇ ਆਮ ਤੌਰ 'ਤੇ ਲੰਬਾ ਸਫਰ ਦੁੜਕੀ ਚਾਲ ਨਾਲ ਪੂਰਾ ਕਰਦੇ ਹਨ ਜੋ 15-20 ਕਿ.ਮੀ. ਪ੍ਰਤੀ ਘੰਟਾ ਤੋਂ ਵੱਧ ਨਹੀਂ ਹੁੰਦੀ। ਬੱਕੀ ਚਾਹੇ ਕਿੰਨੀ ਵੀ ਤਕੜੀ ਸੀ, ਉਹ ਵੀ ਦੋ ਸਵਾਰ ਲੈ ਕੇ ਲਗਾਤਰ ਪੂਰੀ ਰਫਤਾਰ ਨਾਲ ਨਹੀਂ ਸੀ ਦੌੜ ਸਕਦੀ। ਉਹ ਤੁਰ ਕੇ ਜਾਂ ਦੁੜਕੀ ਚਾਲ ਹੀ ਆਈ ਹੋਵੇਗੀ। ਇਸ ਲਈ ਦਾਨਾਬਾਦ ਪਹੁੰਚਣ 'ਤੇ ਉਸ ਨੂੰ 5-6 ਘੰਟੇ ਲੱਗੇ ਹੋਣਗੇ। ਇਸ ਕਾਰਨ ਲੱਗਦਾ ਹੈ ਕਿ ਸਿਆਲਾਂ ਦੇ ਤਾਜ਼ਾ ਦਮ ਘੋੜਿਆਂ ਨੇ ਉਹਨਾਂ ਨੂੰ ਰਸਤੇ ਵਿੱਚ ਹੀ ਘੇਰ ਲਿਆ ਅਤੇ ਮਾਰ ਦਿੱਤਾ।

ਦੂਜੀ ਗੱਲ ਰਹੀ ਮਿਰਜ਼ੇ ਨੂੰ ਨੀਂਦ ਆਉਣ ਦੀ। ਜਿਸ ਜਗ੍ਹਾ 'ਤੇ ਮਿਰਜ਼ਾ ਸਾਹਿਬਾਂ ਕਤਲ ਹੋਏ ਸਨ, ਉਹ ਦਾਨਾਬਾਦ ਪਿੰਡ ਤੋਂ ਸਿਰਫ 2-3 ਕਿ.ਮੀ. ਬਾਹਰਵਾਰ ਖੇਤਾਂ ਵਿੱਚ ਹੈ। ਜਿਸ ਬੰਦੇ ਪਿੱਛੇ ਵਾਹਰ ਲੱਗੀ ਹੋਵੇ, ਉਸ ਨੂੰ ਅਚਾਨਕ ਪਿੰਡ ਲਾਗੇ ਜਾ ਕੇ ਨੀਂਦ ਨਹੀਂ ਆ ਸਕਦੀ। ਅਸਲ ਵਿੱਚ ਮਿਰਜ਼ੇ ਦਾ ਇਰਾਦਾ ਸ਼ੁਰੂ ਤੋਂ ਹੀ ਸਾਹਿਬਾਂ ਦੇ ਭਰਾ ਸ਼ਮੀਰ ਅਤੇ ਮੰਗੇਤਰ ਤਾਹਿਰ ਖਾਨ ਚੰਧੜ ਨੂੰ ਕਤਲ ਕਰਨ ਦਾ ਸੀ। ਉਸ ਦੀ ਬਚਪਨ ਤੋਂ ਹੀ ਸ਼ਮੀਰ ਖਾਨ ਨਾਲ ਨਹੀਂ ਸੀ ਬਣਦੀ। ਮਿਰਜ਼ੇ ਨੇ ਸੋਚਿਆ ਹੋਵੇਗਾ ਕਿ ਮੈਨੂੰ ਪਿੰਡ ਲਾਗੇ ਪਹੁੰਚਿਆ ਵੇਖ ਕੇ ਭਰਾ ਤੇ ਹੋਰ ਸ਼ਰੀਕਾ ਬਰਾਦਰੀ ਮਦਦ ਵਾਸਤੇ ਆ ਜਾਣਗੇ। ਇਸੇ ਕਾਰਨ ਉਹ ਆਪਣੇ ਪਿੰਡ ਲਾਗੇ ਜਾ ਕੇ ਜਾਣ ਬੁੱਝ ਕੇ ਰੁਕ ਗਿਆ। ਪਰ ਉਸ ਦੇ ਅੜਬੰਗਪੁਣੇ ਕਾਰਨ ਉਹ ਆਪ ਵੀ ਮਰਿਆ ਤੇ ਸਾਹਿਬਾਂ ਵੀ ਮਾਰੀ ਗਈ।

ਸਾਹਿਬਾਂ ਨੇ ਸੋਚਿਆ ਕਿ ਮੇਰੇ ਘਰੋਂ ਭੱਜਣ ਕਾਰਨ ਪਰਿਵਾਰ ਦੀ ਪਹਿਲਾਂ ਹੀ ਬਹੁਤ ਬਦਨਾਮੀ ਹੋ ਗਈ ਹੈ। ਜੇ ਹੁਣ ਭਰਾ ਵੀ ਮਾਰੇ ਗਏ ਤਾਂ ਬੁੱਢੇ ਮਾਪਿਆਂ ਨੇ ਜਿਊਂਦੇ ਜੀਅ ਮਰ ਜਾਣਾ ਹੈ। ਪੰਜਾਬ ਦੀ ਕੋਈ ਅਣਖ ਵਾਲੀ ਭੈਣ ਆਪਣੇ ਹੱਥੀਂ ਭਰਾ ਮਰਵਾ ਕੇ ਪਤੀ ਨਾਲ ਸੁੱਖ ਨਹੀਂ ਭੋਗ ਸਕਦੀ। ਉਸ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਮਿਰਜ਼ੇ ਨੂੰ ਮਾਰਨ ਤੋਂ ਬਾਅਦ ਭਰਾਵਾਂ ਨੇ ਉਸ ਨੂੰ ਵੀ ਨਹੀਂ ਬਖਸ਼ਣਾ। ਪਰ ਭਰਾਵਾਂ ਦੀ ਜ਼ਿੰਦਗੀ ਉਸ ਨੂੰ ਆਪਣੀ ਜਾਨ ਤੋਂ ਕਿਤੇ ਵੱਧ ਪਿਆਰੀ ਲੱਗੀ।

ਪੀਲੂ ਅਨੁਸਾਰ ਮਿਰਜ਼ਾ ਇਸ ਲਈ ਮਾਰਿਆ ਗਿਆ ਕਿਉਂਕਿ ਸਾਹਿਬਾਂ ਨੇ ਉਸ ਦੇ ਤੀਰ ਤੋੜ ਦਿੱਤੇ ਸਨ। ਪਰ ਜੇ ਸਾਹਿਬਾਂ ਤੀਰ ਨਾ ਵੀ ਤੋੜਦੀ ਤਾਂ ਵੀ ਉਸ ਕੋਲੋਂ ਬਬੁਤਾ ਕੁਝ ਨਹੀਂ ਸੀ ਸਰਨਾ। ਪੀਲੂ ਲਿਖਦਾ ਹੈ, "300 ਕਾਨੀ ਮਿਰਜ਼ੇ ਜੱਟ ਦੀ, ਨੀ ਮੈਂ ਦਿੰਦਾ ਸਿਆਲੀਂ ਵੰਡ।" ਪਰ ਇਹ ਗੱਲ ਪ੍ਰੈਕਟੀਕਲੀ ਸੰਭਵ ਨਹੀਂ। ਕਾਨੇ ਦੇ ਬਣੇ 300 ਤੀਰ ਤਾਂ ਭੱਥੇ ਵਿੱਚ ਫਿੱਟ ਹੀ ਨਹੀਂ ਹੋ ਸਕਦੇ, ਬਲਕਿ ਪੰਡ ਬੰਨ੍ਹਣੀ ਪਵੇਗੀ। ਪੁਰਾਤਨ ਜੰਗਾਂ ਯੁੱਧਾਂ ਵੇਲੇ ਇੱਕ ਸੈਨਿਕ ਕੋਲ ਲੜਨ ਵਾਸਤੇ ਸਿਰਫ 15-20 ਤੀਰ ਹੁੰਦੇ ਸਨ। ਮਿਰਜ਼ੇ ਕੋਲ ਵੀ 20-25 ਤੋਂ ਵੱਧ ਤੀਰ ਨਹੀਂ ਹੋ ਸਕਦੇ। ਅੱਜ ਕਲ੍ਹ ਨਿਸ਼ਾਨੇਬਾਜ਼ੀ ਅਤੇ ਸ਼ਿਕਾਰ ਵਾਸਤੇ ਵਰਤੇ ਜਾਣ ਵਾਲੇ ਅਤਿ ਆਧੁਨਿਕ ਤਕਨੀਤ ਦੇ ਤੀਰ ਕਮਾਨ ਦੀ ਕਾਰਗਰ ਮਾਰ 30-40 ਗਜ਼ ਤੋਂ ਵੱਧ ਨਹੀਂ ਹੈ। ਮਾਹਰ ਤੋਂ ਮਾਹਰ ਤੀਰਅੰਦਾਜ਼ ਵੀ ਨਿਸ਼ਾਨਾ ਬੰਨ੍ਹ ਕੇ ਇੱਕ ਮਿੰਟ ਵਿੱਚ 9-10 ਤੋਂ ਵੱਧ ਤੀਰ ਨਹੀਂ ਚਲਾ ਸਕਦਾ। ਇਹ ਜਰੂਰੀ ਨਹੀਂ ਕਿ ਹਰ ਤੀਰ ਨਾਲ ਬੰਦਾ ਮਰ ਹੀ ਜਾਵੇ। ਜਦੋਂ ਸਿਆਲਾਂ ਦੀ ਧਾੜ ਨੂੰ ਮਿਰਜ਼ਾ ਦਿਖ ਗਿਆ ਹੋਵੇਗਾ ਤਾਂ ਉਹ ਜੋਸ਼ ਅਤੇ ਗੁੱਸੇ ਵਿੱਚ ਆ ਕੇ ਪੂਰੀ ਰਫਤਾਰ ਨਾਲ ਘੋੜੇ ਨਠਾ ਕੇ ਉਸ ਨੂੰ ਪਏ ਹੋਣਗੇ। ਘੋੜਾ ਪੂਰੀ ਰਫਤਾਰ ਨਾਲ ਦੌੜਦਾ ਹੋਇਆ 40-50 ਗਜ਼ ਦੀ ਦੂਰੀ 5-6 ਸੈਕੰਡ ਵਿੱਚ ਪੂਰੀ ਕਰ ਲੈਂਦਾ ਹੈ। ਮਤਲਬ ਇਸ ਦੌਰਾਨ ਮਿਰਜ਼ੇ ਕੋਲ ਦੋ-ਚਾਰ ਤੀਰ ਚਲਾਉਣ ਦਾ ਵਕਤ ਹੀ ਬਚਦਾ ਸੀ। ਵੈਸੇ ਉਸ ਕੋਲ ਕਿਰਪਾਨ ਵੀ ਸੀ। ਪਰ ਉਹ ਐਨਾ "ਬਹਾਦਰ" ਸੀ ਕਿ ਹੱਥੋ ਹੱਥ ਲੜਾਈ ਵਿੱਚ

ਇੱਕ ਵੀ ਦੁਸ਼ਮਣ ਨੂੰ ਨਹੀਂ ਮਾਰ ਸਕਿਆ। ਪੀਲੂ ਨੇ ਵੀ ਮਿਰਜ਼ੇ ਦੇ ਹੰਕਾਰੀ ਹੋਣ ਬਾਰੇ ਲਿਖਿਆ ਹੈ,

"ਮਿਰਜ਼ਾ ਮਾਰਿਆ ਮਲਕੁੱਲ ਮੌਤ ਨੇ, ਕੁਝ ਮਾਰਿਆ ਖ਼ੁਦੀ ਗੁਮਾਨ,
ਵਿੱਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਜਵਾਨ"।

ਚੜ੍ਹਦੇ ਪੰਜਾਬ ਵਿੱਚ ਭਾਵੇਂ ਗਵੱਈਆਂ ਨੇ ਮਿਰਜ਼ਾ ਗਾ ਕੇ ਲੱਖਾਂ ਰੁਪਈਆ ਕਮਾਇਆ ਹੈ, ਪਰ ਉਸ ਦੇ ਜੱਦੀ ਇਲਾਕੇ ਵਿੱਚ ਉਸ ਦੀ ਕੋਈ ਜਿਆਦਾ ਇੱਜ਼ਤ ਨਹੀਂ ਲੱਗਦੀ। ਜਾਪਦਾ ਹੈ ਲੋਕਾਂ ਨੇ ਉਸ ਦੇ ਸਾਹਿਬਾਂ ਨੂੰ ਕੱਢ ਕੇ ਲਿਜਾਣ ਵਾਲੇ ਕੰਮ ਨੂੰ ਬਹੁਤਾ ਪਸੰਦ ਨਹੀਂ ਕੀਤਾ। ਸਾਬਕਾ ਮੰਤਰੀ ਸ. ਹਰਨੇਕ ਸਿੰਘ ਘੜੂੰਆਂ ਨੇ 1997 ਵਿੱਚ ਮਿਰਜ਼ਾ ਸਾਹਿਬਾਂ ਦੀਆਂ ਕਬਰਾਂ ਦਾ ਦੌਰਾ ਕੀਤਾ ਸੀ। ਉਸ ਸਮੇਂ ਤੱਕ ਕਬਰਾਂ 'ਤੇ ਕੋਈ ਕਮਰਾ ਜਾਂ ਯਾਦਗਾਰ ਆਦਿ ਨਹੀਂ ਸੀ ਬਣੀ ਹੋਈ। ਪਿੱਲੀਆਂ ਇੱਟਾਂ ਦੀਆਂ ਸਧਾਰਨ ਜਿਹੀਆਂ ਕਬਰਾਂ ਮਾੜੀ ਹਾਲਤ ਵਿੱਚ ਖੁਲ੍ਹੇ ਅਸਮਾਨ ਹੇਠ ਅਣਗੌਲੀਆਂ ਪਈਆਂ ਸਨ। ਮਿਰਜ਼ੇ ਦਾ ਪਿੰਡ ਦਾਨਾਬਾਦ ਕਬਰਾਂ ਤੋਂ 2-3 ਕਿ. ਮੀ. ਦੀ ਦੂਰੀ 'ਤੇ ਸਥਿੱਤ ਹੈ। ਮਿਰਜ਼ੇ ਦੇ ਵੰਸ਼ਜ ਹੁਣ ਦਾਨਾਬਾਦ ਦੀ ਬਜਾਏ 3-4 ਕਿ. ਮੀ. ਦੂਰ ਪਿੰਡ ਸ਼ਾਹੀਕੇ ਵਿਖੇ ਵੱਸਦੇ ਹਨ। ਮਿਰਜ਼ੇ ਦੀ ਕਬਰ 'ਤੇ ਹਰ ਸਾਲ ਦਸ ਚੇਤਰ ਨੂੰ ਮੇਲਾ ਲੱਗਦਾ ਹੈ। ਹੋ ਸਕਦਾ ਹੈ ਕਿ ਇਸੇ ਦਿਨ ਮਿਰਜ਼ਾ ਸਾਹਿਬਾਂ ਦਾ ਕਤਲ ਹੋਇਆ ਹੋਵੇ। ਮਿਰਜ਼ੇ ਨੂੰ ਆਪਣੇ ਪਿੰਡ ਦੀ ਮਿੱਟੀ ਵੀ ਨਸੀਬ ਨਹੀਂ ਹੋਈ। ਉਸ ਨੂੰ ਤੇ ਸਾਹਿਬਾਂ ਨੂੰ ਮਰਨ ਵਾਲੀ ਜਗ੍ਹਾ 'ਤੇ ਹੀ ਦਫਨਾ ਦਿੱਤਾ ਗਿਆ। ਪਾਕਿਸਤਾਨੀ ਲਿਖਾਰੀ ਤਾਰਿਕ ਅਮੀਰ ਨੇ 2014 ਵਿੱਚ ਕਬਰਾਂ ਦਾ ਦੌਰਾ ਕੀਤਾ ਸੀ। ਉਸ ਨੇ ਲਿਖਿਆ ਹੈ ਕਿ ਕਬਰਾਂ ਉੱਤੇ ਇੱਕ ਨਵਾਂ ਹੀ ਤਿਆਰ ਕੀਤਾ ਸਧਾਰਨ ਜਿਹਾ ਕਮਰਾ ਬਣਿਆ ਹੋਇਆ ਹੈ। ਕਮਰੇ ਦੀ ਦਿੱਖ ਤੋਂ ਲਗਦਾ ਹੈ ਕਿ 2-3 ਸਾਲ ਪਹਿਲਾਂ ਹੀ ਉਸਾਰਿਆ ਗਿਆ ਹੈ। ਜੇ ਪਰਿਵਾਰ ਅਤੇ ਸ਼ਰੀਕੇ ਕਬੀਲੇ ਵਾਲੇ ਉਸ ਦੇ ਕਾਰਨਾਮੇ ਦੀ ਪ੍ਰੋੜਤਾ ਕਰਦੇ ਹੁੰਦੇ ਤਾਂ ਮਿਰਜ਼ਾ-ਸਾਹਿਬਾਂ ਦੀਆਂ ਲਾਸ਼ਾਂ ਨੂੰ ਦਾਨਾਬਾਦ ਲਿਜਾ ਕੇ ਪੂਰੇ ਮਾਨ-ਸਨਮਾਨ ਨਾਲ ਪਿੰਡ ਦੇ ਕਬਰਸਤਾਨ ਵਿੱਚ ਸਪੁਰਦੇ-ਖਾਕ ਕਰਦੇ ਅਤੇ ਉਹਨਾਂ ਦਾ

ਸ਼ਾਨਦਾਰ ਮਕਬਰਾ ਤਾਮੀਰ ਕਰਾਉਂਦੇ। ਪਿੰਡ ਦਾ ਘਟੀਆ ਤੋਂ ਘਟੀਆ ਬੰਦਾ ਵੀ ਮਰ ਜਾਵੇ ਤਾਂ ਉਸ ਦਾ ਅੰਤਿਮ ਕਿਰਿਆ ਕਰਮ ਪਿੰਡ ਦੇ ਸ਼ਮਸ਼ਾਨ ਘਾਟ-ਕਬਰਸਤਾਨ ਵਿੱਚ ਹੀ ਕੀਤਾ ਜਾਂਦਾ ਹੈ।

ਸੋਹਣੀ ਮਹੀਵਾਲ ਦਾ ਕਿੱਸਾ ਬਿਲਕੁਲ ਹੀ ਕਾਲਪਨਿਕ ਲੱਗਦਾ ਹੈ

ਸੋਹਣੀ ਮਹੀਵਾਲ ਦਾ ਕਿੱਸਾ ਕਿੱਸਾਕਾਰ ਸੱਯਦ ਫਜ਼ਲ ਸ਼ਾਹ ਦੁਆਰਾ ਲਿਖਿਆ ਗਿਆ ਹੈ। ਪਰ ਇਸ ਨੂੰ ਘਰ ਘਰ ਵਿੱਚ ਮਸ਼ਹੂਰ ਮਰਹੂਮ ਗਾਇਕ ਆਲਮ ਲੋਹਾਰ ਦੇ ਗਾਣੇ "ਮੈਨੂੰ ਪਾਰ ਲੰਘਾ ਦੇ ਵੇ ਘੜਿਆ, ਮਿੰਨਤਾਂ ਤੇਰੀਆਂ ਕਰਦੀ" ਅਤੇ ਸੋਭਾ ਸਿੰਘ ਦੀ ਵਿਸ਼ਵ ਪ੍ਰਸਿੱਧ ਪੇਂਟਿੰਗ ਨੇ ਕੀਤਾ ਹੈ। ਸੋਹਣੀ ਮਹੀਵਾਲ ਸਮੇਤ ਪੰਜਾਬ ਦੀਆਂ ਚਾਰ ਦੁਖਾਂਤਕ ਪ੍ਰੇਮ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੱਸੀ ਪੁਨੂੰ ਹਨ। ਇਸ ਕਹਾਣੀ ਮੁਤਾਬਕ ਸੋਹਣੀ ਦਾ ਜਨਮ ਮੁਗਲ ਕਾਲ ਦੇ ਅੰਤਿਮ ਸਾਲਾਂ ਵਿੱਚ (18ਵੀਂ ਸਦੀ ਦਾ ਮੱਧ) ਪਾਕਿਸਤਾਨੀ ਪੰਜਾਬ ਦੇ ਸ਼ਹਿਰ ਗੁਜਰਾਤ ਦੇ ਵਸਨੀਕ ਤੁੱਲੇ ਘੁਮਿਆਰ ਦੇ ਘਰ ਹੋਇਆ ਸੀ। ਕਹਿੰਦੇ ਹਨ ਕਿ ਤੁੱਲੇ ਦੀ ਦੁਕਾਨ ਗੁਜਰਾਤ ਦੀ ਪ੍ਰਸਿੱਧ ਇਮਾਰਤ ਰਾਮ ਪਿਆਰੀ ਮਹਿਲ ਦੇ ਨਜ਼ਦੀਕ ਸੀ। ਸੋਹਣੀ ਬਹੁਤ ਹੀ ਜਿਆਦਾ ਖ਼ੂਬਸੂਰਤ ਅਤੇ ਨਖਰੇ ਵਾਲੀ ਸੀ। ਜਦੋਂ ਉਹ ਮੁਟਿਆਰ ਹੋਈ ਤਾਂ ਮਿੱਟੀ ਦੇ ਭਾਂਡਿਆਂ 'ਤੇ ਰੰਗ ਬਿਰੰਗੇ ਵੇਲ ਬੂਟੇ ਬਣਾ ਕੇ ਆਪਣੇ ਬਾਪ ਦੀ ਮਦਦ ਕਰਨ ਲੱਗ ਪਈ। ਉਸ ਵੱਲੋਂ ਖਾਸ ਤੌਰ 'ਤੇ ਸੁਰਾਹੀਆਂ ਉੱਪਰ ਬਣਾਏ ਸੁੰਦਰ ਡਿਜ਼ਾਈਨ ਸ਼ੌਕੀਨਾਂ ਦਾ ਮਨ ਮੋਹ ਲੈਂਦੇ ਸਨ। ਸੋਹਣੀ ਦੇ ਹੁਸਨ ਦਾ ਇੱਕ ਝਲਕਾਰਾ ਪਾਉਣ ਲਈ ਮਨਚਲਿਆਂ ਦੀ ਆਮਦੋ ਰਫਤ ਦੁਕਾਨ 'ਤੇ ਲੱਗੀ ਰਹਿੰਦੀ ਸੀ। ਪਰ ਆਪਣੇ ਹੁਸਨ ਦਾ ਬੇਹੱਦ ਮਾਣ ਕਰਨ ਵਾਲੀ ਸੋਹਣੀ ਕਿਸੇ ਨੂੰ ਘਾਹ ਨਹੀਂ ਸੀ ਪਾਉਂਦੀ।

ਮਹੀਵਾਲ ਦਾ ਅਸਲ ਨਾਮ ਇੱਜ਼ਤ ਬੇਗ ਸੀ ਤੇ ਉਹ ਬੁਖਾਰਾ (ਉਜ਼ਬੇਕਿਸਤਾਨ) ਦੇ ਰਹਿਣ ਵਾਲੇ ਇੱਕ ਅਮੀਰ ਵਪਾਰੀ ਦਾ ਬੇਟਾ ਸੀ। ਉਹ ਦਿੱਲੀ ਤੋਂ ਤਿਜ਼ਾਰਤ ਸਬੰਧੀ ਖਰੀਦੋ ਫਰੋਖਤ ਕਰ ਕੇ ਬੁਖਾਰਾ ਵਾਪਸ ਜਾਂਦਾ ਹੋਇਆ ਆਪਣੇ ਕਾਫਲੇ ਸਮੇਤ ਕੁਝ ਦਿਨ ਅਰਾਮ ਕਰਨ ਲਈ ਗੁਜਰਾਤ ਠਹਿਰ ਗਿਆ। ਆਪਣੇ ਸੰਗੀ ਸਾਥੀਆਂ ਪਾਸੋਂ ਸੋਹਣੀ ਦੇ ਹੁਸਨ ਦੇ ਚਰਚੇ ਸੁਣ ਕੇ

ਉਹ ਵੀ ਇੱਕ ਦਿਨ ਤੁੱਲੇ ਦੇ ਚੱਕ 'ਤੇ ਆਣ ਪਹੁੰਚਿਆ। ਸੋਹਨੀ ਦੇ ਹੁਸਨ ਦੇ ਪਹਿਲੇ ਹੀ ਝਲਕਾਰੇ ਨੇ ਉਸ ਦੇ ਦਿਲ 'ਤੇ ਅਜਿਹਾ ਡੰਗ ਮਾਰਿਆ ਕਿ ਉਹ ਗੁਜਰਾਤ ਦਾ ਹੀ ਹੋ ਕੇ ਰਹਿ ਗਿਆ। ਸੋਹਣੀ ਦੀ ਇੱਕ ਝਲਕ ਪਾਉਣ ਖਾਤਰ ਉਹ ਰੋਜ਼ਾਨਾ ਬਰਤਨ ਖਰੀਦਣ ਦੇ ਬਹਾਨੇ ਦੁਕਾਨ 'ਤੇ ਪਹੁੰਚ ਜਾਂਦਾ। ਹੌਲੀ ਹੌਲੀ ਸੋਹਣੀ ਵੀ ਉਸ ਵੱਲ ਖਿਚੀ ਗਈ। ਸੋਹਣੀ ਦੇ ਇਸ਼ਕ ਵਿੱਚ ਗ੍ਰਿਫਤਾਰ ਹੋਏ ਇੱਜ਼ਤ ਬੇਗ ਨੇ ਵਪਾਰ ਵਿੱਚ ਕਮਾਇਆ ਸਾਰਾ ਪੈਸਾ ਟਕਾ ਭਾਂਡੇ ਖਰੀਦਣ 'ਤੇ ਲੁਟਾ ਦਿੱਤਾ। ਜਦੋਂ ਪੈਸੇ ਖਤਮ ਹੋ ਗਏ ਤਾਂ ਉਹ ਬੁਖਾਰਾ ਵਾਪਸ ਜਾਣ ਦੀ ਬਜਾਏ ਸੋਹਣੀ ਦੇ ਘਰ ਹੀ ਮੱਝਾਂ ਚਾਰਨ ਲਈ ਨੌਕਰ ਹੋ ਗਿਆ। ਮੱਝਾਂ (ਮਾਝੇ ਦੀ ਬੋਲੀ ਵਿੱਚ ਮਹੀਆਂ) ਚਾਰਨ ਕਾਰਨ ਉਸ ਦਾ ਨਾਮ ਮਹੀਵਾਲ ਪੈ ਗਿਆ। ਜਦੋਂ ਲੋਕਾਂ ਕੋਲੋਂ ਤੁੱਲੇ ਨੂੰ ਇਸ ਪ੍ਰੇਮ ਕਹਾਣੀ ਬਾਰੇ ਭਿਣਕ ਲੱਗੀ ਤਾਂ ਉਸ ਨੇ ਬਦਨਾਮੀ ਤੋਂ ਡਰਦਿਆਂ ਜਲਦੀ ਜਲਦੀ ਸੋਹਣੀ ਦਾ ਨਰੜ ਚਨਾਬ ਤੋਂ ਪਾਰ ਕਿਸੇ ਪਿੰਡ ਆਪਣੀ ਬਰਾਦਰੀ ਦੇ ਲੜਕੇ ਨਾਲ ਕਰ ਕੇ ਉਸ ਨੂੰ ਗਲੋਂ ਲਾਹ ਦਿੱਤਾ। ਆਪਣੇ ਇਸ਼ਕ ਨੂੰ ਦਿਲ ਵਿੱਚ ਘੁੱਟ ਕੇ ਸੋਹਣੀ ਰੋਂਦੀ ਕੁਰਲਾਉਂਦੀ ਡੋਲੀ ਚੜ੍ਹ ਕੇ ਸਹੁਰੇ ਪਹੁੰਚ ਗਈ।

ਫੱਟ ਖਾਧਾ ਆਸ਼ਕ ਮਹੀਵਾਲ ਵੀ ਸੋਹਣੀ ਦੀ ਪੈੜ ਨੱਪਦਾ ਮਗਰੇ ਮਗਰ ਉਸ ਦੇ ਸਹੁਰੇ ਪਿੰਡ ਪਹੁੰਚ ਗਿਆ। ਉਸ ਨੇ ਇੱਕ ਦਿਨ ਫਕੀਰ ਦਾ ਭੇਸ ਧਾਰ ਕੇ ਸੋਹਣੀ ਨਾਲ ਮੁਲਾਕਾਤ ਕੀਤੀ। ਆਪਣੇ ਪੁਰਾਣੇ ਪ੍ਰੇਮੀ ਨੂੰ ਮਿਲ ਕੇ ਸੋਹਣੀ ਵੀ ਨਿਹਾਲੋ ਨਿਹਾਲ ਹੋ ਗਈ। ਉਸ ਨੂੰ ਮਿਲਣ ਦਾ ਤਰੀਕਾ ਸਮਝਾ ਕੇ ਮਹੀਵਾਲ ਚਨਾਬ ਦੇ ਪਰਲੇ ਕਿਨਾਰੇ ਝੁੱਗੀ ਬਣਾ ਕੇ ਰਹਿਣ ਲੱਗ ਪਿਆ। ਸੋਹਣੀ ਦਾ ਪਤੀ ਸਿੱਧਾ ਸਾਦਾ ਆਦਮੀ ਸੀ ਤੇ ਵਪਾਰ-ਕਾਰੋਬਾਰ ਕਾਰਨ ਬਹੁਤਾ ਘਰੋਂ ਬਾਹਰ ਹੀ ਰਹਿੰਦਾ ਸੀ। ਉਸ ਦੀ ਗੈਰਹਾਜ਼ਰੀ ਵਿੱਚ ਸੋਹਣੀ ਰਾਤਾਂ ਨੂੰ ਘੜੇ ਉੱਤੇ ਦਰਿਆ ਪਾਰ ਕਰ ਕੇ ਮਹੀਵਾਲ ਨੂੰ ਮਿਲਣ ਚਲੀ ਜਾਂਦੀ। ਪਿੰਡਾਂ ਵਿੱਚ ਅਜਿਹੀਆਂ ਗੱਲਾਂ ਕਿੱਥੇ ਛਿਪਦੀਆਂ ਹਨ? ਜਦੋਂ ਆਂਢ ਗੁਆਂਢ ਵਿੱਚ ਘੁਸਰ ਮੁਸਰ ਸ਼ੁਰੂ ਹੋਈ ਤਾਂ ਉੱਡਦੀ ਉੱਡਦੀ ਗੱਲ ਸੋਹਣੀ ਦੀ ਨਨਾਣ ਕੋਲ ਵੀ ਪਹੁੰਚ ਗਈ। ਨਨਾਣ ਨੂੰ ਉਸ ਦੀਆਂ ਹਰਕਤਾਂ 'ਤੇ ਪਹਿਲਾਂ ਹੀ ਸ਼ੱਕ ਸੀ।

ਉਹ ਸੋਹਣੀ 'ਤੇ ਨਿਗ੍ਹਾ ਰੱਖਣ ਲੱਗ ਪਈ। ਇੱਕ ਕਾਲੀ ਬੋਲੀ ਰਾਤ ਉਸ ਨੇ ਸੋਹਣੀ ਦਾ ਪਿੱਛਾ ਕੀਤਾ ਅਤੇ ਲੁਕ ਛਿਪ ਕੇ ਘੜਾ ਰੱਖਣ ਵਾਲਾ ਟਿਕਾਣਾ ਵੀ ਵੇਖ ਲਿਆ। ਉਸ ਨੇ ਪਰਿਵਾਰ ਨੂੰ ਬਦਨਾਮੀ ਤੋਂ ਬਚਾਉਣ ਖਾਤਰ ਸੋਹਣੀ ਦਾ ਫਸਤਾ ਵੱਢਣ ਦਾ ਫੈਸਲਾ ਕਰ ਲਿਆ। ਉਸ ਨੇ ਆਪਣੀ ਇਸ ਖਤਰਨਾਕ ਸਾਜਸ਼ ਦਾ ਸੋਹਣੀ ਦੇ ਪਤੀ ਤੱਕ ਨੂੰ ਵੀ ਪਤਾ ਨਾ ਲੱਗਣ ਦਿੱਤਾ। ਇੱਕ ਦਿਨ ਉਸ ਨੇ ਗੁਪਤ ਤੌਰ 'ਤੇ ਪੱਕੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਅਗਲੀ ਰਾਤ ਸੋਹਣੀ ਕੱਚੇ ਘੜੇ 'ਤੇ ਹੀ ਦਰਿਆ ਵਿੱਚ ਠਿੱਲ ਪਈ। ਬਰਸਾਤਾਂ ਕਾਰਨ ਦਰਿਆ ਚੜ੍ਹਿਆ ਹੋਇਆ ਸੀ। ਕੱਚਾ ਘੜਾ ਖੁਰਨ ਲੱਗ ਪਿਆ ਤੇ ਸੋਹਣੀ ਗੋਤੇ ਖਾਣ ਲੱਗੀ। ਮਹੀਵਾਲ ਨੇ ਉਸ ਨੂੰ ਬਚਾਉਣ ਲਈ ਪਾਣੀ ਵਿੱਚ ਛਾਲ ਮਾਰ ਦਿੱਤੀ ਪਰ ਆਫਰੇ ਹੋਏ ਦਰਿਆ ਅੱਗੇ ਕੋਈ ਵਾਹ ਨਾ ਚੱਲੀ ਤੇ ਦੋਵੇਂ ਡੁੱਬ ਕੇ ਦੋਵੇਂ ਮਰ ਗਏ।

ਬਿਲਕੁਲ ਇਹੋ ਜਿਹੀ ਕਹਾਣੀ ਪਾਕਿਸਤਾਨ ਦੇ ਸਿੰਧ ਸੂਬੇ ਵਿਚ ਵੀ ਬਹੁਤ ਮਸ਼ਹੂਰ ਹੈ। ਸਿੰਧੀ ਵਿੱਚ "ਸ਼ਾਹ ਜੋ ਰਿਸਾਲੋ" ਨਾਮ ਹੇਠ ਲਿਖੀ ਗਈ ਕਹਾਣੀ ਮੁਤਾਬਕ ਸੋਹਣੀ ਜੱਟੀ ਸੀ ਜੋ ਸਿੰਧ ਦਰਿਆ ਦੇ ਪੱਛਮੀ ਕਿਨਾਰੇ ਦੇ ਇੱਕ ਪਿੰਡ ਦੀ ਰਹਿਣ ਵਾਲੀ ਸੀ। ਸੋਹਣੀ ਦਾ ਪਤੀ ਦੱਮ ਪੂਰਬੀ ਕਿਨਾਰੇ ਦੇ ਸਮਤੀਆ ਪਿੰਡ ਦਾ ਵਸਨੀਕ ਸੀ। ਜਦੋਂ ਉਹ ਸੋਹਣੀ ਨੂੰ ਵਿਆਹ ਕੇ ਲਿਜਾ ਰਿਹਾ ਸੀ ਤਾਂ ਕੁਦਰਤੀ ਮਹੀਵਾਲ ਦਰਿਆ ਕਿਨਾਰੇ ਡੰਗਰ ਚਾਰ ਰਿਹਾ ਸੀ। ਚਨਾਬ ਦੇ ਕਿਨਾਰੇ ਡੋਲੀ ਰੱਖ ਕੇ ਬਰਾਤੀ ਜਦੋਂ ਕਿਸ਼ਤੀ ਉਡੀਕ ਰਹੇ ਸਨ ਤਾਂ ਮਹੀਵਾਲ ਪੇਂਡੂ ਰਿਵਾਜ਼ ਮੁਤਾਬਕ ਉਹਨਾਂ ਨੂੰ ਦੁੱਧ ਪਿਆਉਣ ਲੱਗ ਪਿਆ। ਉਸ ਨੇ ਡੋਲੀ ਵਿੱਚ ਬੈਠੀ ਸੋਹਣੀ ਨੂੰ ਦੁੱਧ ਦਾ ਪਿਆਲਾ ਦਿੱਤਾ ਤਾਂ ਦੋਵਾਂ ਦੀਆਂ ਅੱਖਾਂ ਲੜ ਗਈਆਂ ਤੇ ਉਹ ਪਹਿਲੀ ਨਜ਼ਰੇ ਇੱਕ ਦੂਸਰੇ ਨੂੰ ਦਿਲ ਦੇ ਬੈਠੇ। ਉਸ ਤੋਂ ਬਾਅਦ ਦਾ ਕਿੱਸਾ ਪੰਜਾਬੀ ਕਹਾਣੀ ਵਰਗਾ ਹੀ ਹੈ।

ਇਸ ਕਿੱਸੇ ਵਿੱਚ ਕਈ ਗੰਭੀਰ ਊਕਾਈਆਂ ਹਨ। ਮਹੀਵਾਲ ਜੇ ਵਪਾਰ ਕਰ ਕੇ ਦਿੱਲੀ ਤੋਂ ਬੁਖਾਰੇ ਜਾ ਰਿਹਾ ਸੀ ਤਾਂ ਉਸ ਦਾ ਗੁਜਰਾਤ ਜਾਣ ਦਾ ਕੋਈ ਕਾਰਨ ਨਹੀਂ ਬਣਦਾ। ਗੁਜਰਾਤ ਬਾਦਸ਼ਾਹ ਅਕਬਰ ਨੇ ਵਸਾਇਆ

ਸੀ ਤੇ ਉਸ ਵੇਲੇ ਇੱਕ ਛੋਟਾ ਜਿਹਾ ਕਸਬਾ ਸੀ। ਇਹ ਪਾਕਿਸਤਾਨ ਦੇ ਉੱਤਰ ਵੱਲ ਜੰਮੂ ਤੋਂ ਕਰੀਬ 75 ਕਿ.ਮੀ. ਦੂਰੀ 'ਤੇ ਹੈ। ਇਹ ਦਿੱਲੀ-ਕਾਬਲ-ਬੁਖਾਰਾ ਜਾਂ ਹੋਰ ਕਿਸੇ ਵੀ ਵਪਾਰਕ ਸ਼ਾਹਰਾਹ-ਜੀ.ਟੀ. ਰੋਡ 'ਤੇ ਨਹੀਂ ਪੈਂਦਾ। ਕਿਹਾ ਜਾਂਦਾ ਹੈ ਕਿ ਸੋਹਣੀ ਮਾਹੀਵਾਲ ਦੀਆਂ ਲਾਸ਼ਾਂ ਹੈਦਰਾਬਾਦ (ਸਿੰਧ, ਪਾਕਿਸਤਾਨ) ਤੋਂ 75 ਕਿ.ਮੀ. ਦੂਰ ਸ਼ਾਹਦਾਦਪੁਰ ਨੇੜਿਉਂ ਸਿੰਧ ਦਰਿਆ 'ਚੋਂ ਮਿਲੀਆਂ ਸਨ। ਸੋਹਣੀ ਦਾ ਮਕਬਰਾ ਸ਼ਾਹਦਾਦਪੁਰ ਦੇ ਸ਼ਾਹਪੁਰ ਚੱਕਰ ਰੋਡ 'ਤੇ ਬਣਿਆ ਹੋਇਆ ਹੈ। ਇਹ ਵੀ ਸੰਭਵ ਨਹੀਂ ਹੈ। ਸੋਹਣੀ ਮਹੀਵਾਲ ਚਨਾਬ ਦਰਿਆ ਵਿੱਚ ਡੁੱਬ ਕੇ ਮਰੇ ਸਨ। ਚਨਾਬ ਸਤਲੁਜ ਵਿੱਚ ਅਤੇ ਸਤਲੁਜ ਸਿੰਧ ਦਰਿਆ ਵਿੱਚ ਡਿੱਗਦਾ ਹੈ। ਗੁਜਰਾਤ ਤੋਂ ਸ਼ਾਹਦਾਦਪੁਰ ਦਾ ਫਾਸਲਾ 1250 ਕਿ.ਮੀ. ਦੇ ਕਰੀਬ ਹੈ। ਲਾਸ਼ਾਂ ਨੂੰ ਐਨੀ ਦੂਰ ਪਹੁੰਚਦੇ ਪਹੁੰਚਦੇ ਤਾਂ ਕਈ ਮਹੀਨੇ ਲੱਗ ਜਾਣੇ ਸਨ ਤੇ ਰਸਤੇ ਵਿੱਚ ਹੀ ਗਲ ਸੜ ਕੇ ਨਸ਼ਟ ਹੋ ਜਾਣੀਆਂ ਸਨ ਜਾਂ ਮੱਛੀਆਂ ਨੇ ਖਾ ਜਾਣੀਆਂ ਸਨ।

ਸੋਹਣੀ ਦਾ ਬਾਪ ਤੁੱਲਾ ਵੀ ਲਾਲਚੀ ਕਿਸਮ ਦਾ ਇਨਸਾਨ ਲੱਗਦਾ ਹੈ। ਜਦੋਂ ਤੱਕ ਮਹੀਵਾਲ ਮਿੱਟੀ ਦੇ ਭਾਂਡੇ ਸੋਨੇ ਦਾ ਭਾਅ ਖਰੀਦਦਾ ਰਿਹਾ, ਉਹ ਚੁੱਪ ਰਿਹਾ। ਪਰ ਜਦ ਉਸ ਨੇ ਵੇਖਿਆ ਕਿ ਉਹ ਨੰਗ ਮਲੰਗ ਹੋ ਗਿਆ ਹੈ ਤੇ ਮੱਝਾਂ ਚਾਰਨ ਲੱਗ ਗਿਆ ਹੈ, ਉਸ ਨੇ ਸੋਹਣੀ ਦਾ ਰਿਸ਼ਤਾ ਮਹੀਵਾਲ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ। ਜੇ ਕਿਤੇ ਮਹੀਵਾਲ ਅਮੀਰੀ ਵੇਲੇ ਰਿਸ਼ਤਾ ਮੰਗਦਾ ਤਾਂ ਹੋ ਸਕਦਾ ਸੀ ਕਿ ਉਹ ਮੰਨ ਵੀ ਜਾਂਦਾ। ਨੰਗਾਂ ਨੂੰ ਲੜਕੀਆਂ ਦੀ ਡੋਲੀ ਕੌਣ ਦੇਂਦਾ ਹੈ? ਲੱਗਦਾ ਹੈ ਕਿ ਸੋਹਣੀ ਨੇ ਵੀ ਵਿਆਹ ਵੇਲੇ ਕੋਈ ਬਹੁਤੀ ਬਗਾਵਤ ਨਹੀਂ ਸੀ ਕੀਤੀ ਸਗੋਂ ਚੁੱਪ ਕਰ ਕੇ ਡੋਲੀ ਚੜ੍ਹ ਗਈ। ਮਹੀਵਾਲ ਵੀ ਕਮਜ਼ੋਰ ਅਤੇ ਡਰਪੋਕ ਕਿਸਮ ਦਾ ਇਨਸਾਨ ਸੀ। ਉਸ ਨੇ ਕਦੇ ਵੀ ਸੋਹਣੀ ਨੂੰ ਕੱਢ ਕੇ ਬੁਖਾਰੇ ਲਿਜਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਹਾਲਾਂਕਿ ਉਹ ਤੁੱਲੇ ਦੀਆਂ ਮੱਝਾਂ ਚਾਰਦਾ ਸੀ ਤੇ ਉਸੇ ਦੇ ਘਰ ਰਹਿੰਦਾ ਸੀ। ਜਦੋਂ ਸੋਹਣੀ ਵਿਆਹੀ ਗਈ ਤਾਂ ਮਹੀਵਾਲ ਢੀਠਾਂ ਵਾਂਗ ਪਿੱਛੇ ਪਿੱਛੇ ਉਸ ਦੇ ਪਿੰਡ ਪਹੁੰਚ ਗਿਆ। ਉਸ ਨੂੰ ਇਲਮ ਸੀ ਕਿ ਜੇ ਉਸ ਨੇ ਸੋਹਣੀ ਦੇ ਪਿੰਡ


ਵਿੱਚ ਰਹਿ ਕੇ ਮੇਲ ਮਿਲਾਪ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜ਼ਰੂਰ ਹੀ ਕਿਸੇ ਦਿਨ ਲੋਕਾਂ ਦੇ ਕਾਬੂ ਆ ਜਾਵੇਗਾ ਤੇ ਉਸ ਦੀ ਗਿੱਦੜ ਕੁੱਟ ਹੋਵੇਗੀ। ਇਸ ਲਈ ਉਸ ਨੇ ਦਰਿਆ ਦੇ ਦੂਸਰੇ ਕਿਨਾਰੇ ਝੁੱਗੀ ਪਾ ਲਈ। ਸੋਹਣੀ ਚੰਗੀ ਤਰਾਂ ਤੈਰਨਾ ਨਹੀਂ ਸੀ ਜਾਣਦੀ, ਇਸ ਦੇ ਬਾਵਜੂਦ ਉਹ ਆਪ ਦਰਿਆ ਪਾਰ ਕਰ ਕੇ ਇਸ ਪਾਰ ਆਉਣ ਦੀ ਬਜਾਏ ਸੋਹਣੀ ਨੂੰ ਹੀ ਉਸ ਪਾਰ ਆਉਣ ਲਈ ਮਜ਼ਬੂਰ ਕਰਦਾ ਸੀ।

ਲੱਗਦਾ ਹੈ ਕਿ ਮਹੀਵਾਲ ਵੀ ਕੋਈ ਬਹੁਤਾ ਅਮੀਰ ਆਦਮੀ ਨਹੀਂ ਸੀ। ਜੇ ਉਹ ਬੁਖਾਰੇ ਦਾ ਕੋਈ ਰਾਜਕੁਮਾਰ ਜਾਂ ਰਾਈਸ ਹੁੰਦਾ ਤਾਂ ਪਿੱਛੋਂ ਉਸ ਦੇ ਵਾਰਸ ਉਸ ਨੂੰ ਲੱਭਣ ਲਈ ਨਾ ਆਉਂਦੇ? ਉਸ ਨੂੰ ਬਲੋਚਾਂ ਦੇ ਪੁੰਨੂ ਨੂੰ ਬੰਨ੍ਹ ਕੇ ਲਿਜਾਣ ਵਾਂਗ ਧੂਹ ਕੇ ਨਾ ਲੈ ਜਾਂਦੇ? ਉਸ ਦੇ ਪਿੱਛੇ ਤਾਂ ਕੋਈ ਵੀ ਨਹੀਂ ਆਇਆ। ਉਸ ਨੂੰ ਝੁੱਗੀ ਪਾ ਕੇ ਸੋਹਣੀ ਦੇ ਪਿੰਡ ਬੈਠਣ ਦੀ ਵੀ ਕੋਈ ਜ਼ਰੂਰਤ ਨਹੀਂ ਸੀ। ਉਸ ਕੋਲ ਸੋਹਣੀ ਨੂੰ ਕੱਢ ਕੇ ਲੈ ਜਾਣ ਦਾ ਬਹੁਤ ਸਮਾਂ ਸੀ। ਸੋਹਣੀ ਦਾ ਪਤੀ ਤਾਂ ਕੰਮ ਧੰਦੇ ਕਾਰਨ ਕਈ ਕਈ ਹਫਤੇ ਘਰ ਨਹੀਂ ਸੀ ਵੜਦਾ। ਉਸ ਦੇ ਵਾਪਸ ਆਉਣ ਤੱਕ ਤਾਂ ਉਹਨਾਂ ਨੇ ਪੇਸ਼ਾਵਰ ਵੀ ਟੱਪ ਜਾਣਾ ਸੀ। ਲੱਗਦਾ ਹੈ ਕਿ ਉਹ ਅੱਯਾਸ਼ ਕਿਸਮ ਦਾ ਆਦਮੀ ਸੀ। ਉਸ ਨੇ ਨਾ ਤਾਂ ਮਿਰਜ਼ੇ ਵਾਂਗ ਸੋਹਣੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਰਾਂਝੇ ਵਾਂਗ ਅਦਾਲਤ ਰਾਹੀਂ ਪ੍ਰਾਪਤ ਕੀਤਾ। ਉਹ ਚੁੱਪ ਕਰ ਕੇ ਅੱਯਾਸ਼ੀ ਕਰਦਾ ਰਿਹਾ ਤੇ ਮੱਛੀਆਂ ਭੁੰਨ ਭੁੰਨ ਖਾਂਦਾ ਰਿਹਾ।

ਸੋਹਣੀ ਚਾਹੇ ਜਿੰਨੀ ਮਰਜ਼ੀ ਚਲਾਕੀ ਵਰਤਦੀ, ਇਹ ਸੰਭਵ ਨਹੀਂ ਸੀ ਉਹ ਤਰ ਕੇ ਦਰਿਆ ਦੇ ਪਾਰ ਆਵੇ ਜਾਵੇ ਤੇ ਕਿਸੇ ਦੀ ਨਜ਼ਰ ਨਾ ਚੜ੍ਹੇ। ਉਹ ਘਰ ਵਾਪਸ ਆ ਕੇ ਆਪਣੇ ਗਿੱਲੇ ਕੱਪੜੇ ਕਿਵੇਂ ਸੁਕਾਉਂਦੀ ਹੋਵੇਗੀ? ਪਰਿਵਾਰ ਵਾਲੇ ਨਹੀਂ ਪੁੱਛਦੇ ਹੋਣਗੇ ਕਿ ਤੇਰੇ ਕੱਪੜੇ ਰੋਜ਼ ਰਾਤ ਨੂੰ ਗਿੱਲੇ ਕਿਵੇਂ ਹੋ ਜਾਂਦੇ ਹਨ? ਸੋਹਣੀ ਸਾਰੀ ਉਮਰ ਭਾਂਡੇ ਬਣਾਉਂਦੀ ਰਹੀ ਸੀ। ਇਹ ਸੰਭਵ ਹੀ ਨਹੀਂ ਕਿ ਇੱਕ ਘੁਮਿਆਰੀ ਨੂੰ ਮਾਲੂਮ ਨਾ ਹੋਵੇ ਕਿ ਘੜਾ ਕੱਚਾ ਹੈ ਕਿ ਪੱਕਾ। ਉਹ ਤਾਂ ਛੂਹ ਕੇ ਹੀ ਦੱਸ ਦੇਂਦੀ। ਲੱਗਦਾ ਹੈ ਕਿ ਉਹ ਮਹੀਵਾਲ

ਦੇ ਪ੍ਰੇਮ ਵਿੱਚ ਅੰਨ੍ਹੀ ਹੋ ਕੇ ਕੱਚੇ ਘੜੇ ਤੇ ਹੀ ਹੜ੍ਹ ਆਏ ਦਰਿਆ ਵਿੱਚ ਠਿੱਲ੍ਹ ਪਈ ਤੇ ਦੋਵੇਂ ਚੜ੍ਹੇ ਹੋਏ ਦਰਿਆ ਵਿੱਚ ਰੁੜ੍ਹ ਗਏ। ਇਸ ਕਿੱਸੇ ਨੂੰ ਬਾਰੀਕੀ ਨਾਲ ਵਾਚਣ ਤੋਂ ਪਤਾ ਚੱਲਦਾ ਹੈ ਕਿ ਪ੍ਰੇਮ ਕਹਾਣੀ ਤੋਂ ਜਿਆਦਾ ਅੱਯਾਸ਼ੀ ਦੀ ਕਹਾਣੀ ਹੈ। ਪੰਜਾਬ ਦਾ ਇਹ ਇੱਕੋ ਇੱਕ ਕਿੱਸਾ ਹੈ ਜਿਸ ਦੀ ਨਾਇਕਾ ਪਤੀ ਦੇ ਹੁੰਦਿਆਂ ਪ੍ਰੇਮੀ ਨਾਲ ਰਾਤਾਂ ਬਿਤਾਉਣ ਜਾਂਦੀ ਸੀ।

✪✪✪



ਬਲਰਾਜ ਸਿੰਘ ਸਿੱਧੂ ਪੰਡੋਰੀ ਸਿੱਧਵਾਂ

ਇਸ ਪੁਸਤਕ ਵਿੱਚ ਸਾਹਿਤਕਾਰ ਵਜੋਂ ਜਾਣੇ ਜਾਂਦੇ ਪੁਲੀਸ ਅਫ਼ਸਰ ਬਲਰਾਜ ਸਿੰਘ ਸਿੱਧੂ 'ਪੰਡੋਰੀ ਸਿੱਧਵਾਂ' ਨੇ ਲੋਕ ਨਾਇਕ ਦੁੱਲਾ ਭੱਟੀ, ਜੱਗਾ ਡਾਕੂ, ਸੁੱਚਾ ਸੂਰਮਾਂ, ਜਿਊਣਾ ਮੌੜ ਅਤੇ ਨਾਇਕ ਜੋੜੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਅਤੇ ਸੋਹਣੀ ਮਹੀਂਵਾਲ ਦੇ ਕਿੱਸਿਆਂ ਦੇ ਅਸਲੀ ਸੱਚ ਤੱਕ ਅੱਪੜ ਕੇ ਸਹੀ ਤੱਥ ਪੇਸ਼ ਕਰਦਿਆਂ ਲੋਕ ਨਾਇਕਾਂ ਦੇ ਕਿਰਦਾਰ, ਜ਼ਮੀਰ ਅਤੇ ਉਨ੍ਹਾਂ ਦੇ ਜੀਵਨ 'ਚ ਵਾਪਰੀਆਂ ਸਹੀ ਘਟਨਾਵਾਂ ਦੀ ਅਸਲੀਅਤ ਸਿੱਧ ਕਰ ਦਿੱਤੀ ਹੈ ਕਿ ਜਦੋਂ ਘਰ ਕੱਚੇ ਹੁੰਦੇ ਸਨ ਤਾਂ ਲੋਕਾਂ ਦੇ ਮਨ ਸੱਚੇ ਹੁੰਦੇ ਸਨ ਅਤੇ ਮਜ਼ਲੂਮਾਂ ਤੇ ਧੀਆਂ ਭੈਣਾਂ ਦੀ ਰਾਖੀ ਲਈ ਸੂਰਮਗਤੀ ਇਨਸਾਨੀਅਤ ਦੇ ਮੁੱਢਲੇ ਫਰਜ਼ ਸਨ। ਹੁਣ ਤੱਕ ਪਾਠਕਾਂ ਨੇ ਲੋਕ ਨਾਇਕਾਂ ਬਾਰੇ ਇਸ ਤੋਂ ਪਹਿਲਾਂ ਜੋ ਕੁਝ ਵੀ ਪੜ੍ਹਿਆ ਸੁਣਿਆ ਹੈ, ਇਸ ਪੁਸਤਕ ਦੇ ਲੇਖਕ ਨੇ ਬਿਲਕੁਲ ਉਸ ਤੋਂ ਹਟ ਕੇ ਲਿਖਿਆ ਹੈ ਜਿਸ ਨੂੰ ਪੜ੍ਹਕੇ ਇਹ ਅਨੁਭਵ ਹੁੰਦਾ ਹੈ ਕਿ ਲਾਊਡ ਸਪੀਕਰਾਂ ਜਾਂ ਮੇਲਿਆਂ 'ਚ ਲੱਗਦੇ ਅਖਾੜਿਆਂ 'ਚ ਸੁਣੇ ਜਾਂਦੇ ਕਿੱਸੇ ਸਿਰਫ਼ ਇੱਕ ਮਨੋਰੰਜਨ ਹੀ ਸਨ ਪਰ ਅਸਲ ਸੱਚ ਬਾਰੇ ਇਸ ਪੁਸਤਕ ਵਿਚਲੀ ਲਿਖਤ ਤੋਂ ਹੀ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਨਾਇਕਾਂ ਦੇ ਕਿੱਸੇ ਕੀ ਹਨ। ਲੋਕ ਨਾਇਕਾਂ ਬਾਰੇ ਅਸਲੀ ਸੱਚ ਨੂੰ ਪਾਠਕਾਂ ਦੀ ਕਚਹਿਰੀ ਵਿੱਚ ਲਿਆਉਣ ਲਈ ਬਲਰਾਜ ਸਿੰਘ ਸਿੱਧੂ ਦਾ ਧੰਨਵਾਦ ਅਤੇ ਇਸ ਪੁਸਤਕ ਲਈ ਸ਼ੁੱਭ ਇਛਾਵਾਂ।

–ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'

ਪੰਜਾਬੀ ਪ੍ਰੈਸ ਕਲੱਬ ਬੀ. ਸੀ. (ਕੈਨੇਡਾ) ਫ਼ੋਨ: 001-604-751-1113

TARK BHARTI PARKASHAN
Purani Sabji Mandi, K. C. Road,
Barnala-148101 (Pb.)
Ph. 01679-241744, 233244
Email : tarkbharti01@gmail.com

₹ 80/-

ISBN 938694760-9

ISBN: 978-93-86947-60-9